Space for Advertisement

13ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -14 ISSUE - 12
June 25, 2025
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Space for Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 40ਵਾਂ ਸਥਾਪਨਾ ਦਿਵਸ 29 ਜੂਨ 2025 ਨੂੰ ਮਨਾਇਆ ਜਾ ਰਿਹਾ ਹੈ




ਗੁਰੂ ਘਰ ਦੇ ਸੇਵਾਦਾਰ


Chairman
Vinod Kumar


President
Sunita Singh Bangar


Gen. Secretary
Upinder Pal (Ricky)


Treasurer
Shinder Pal Narabut

**ਪਿਟਸਬਰਗ (ਦੇਸ਼ ਦੁਆਬਾ ਬਿਊਰੋ)** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦਾ 40ਵਾਂ ਸਥਾਪਨਾ ਦਿਵਸ 29 ਜੂਨ 2025 ਦਿਨ ਐਤਵਾਰ ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 27 ਜੂਨ 2025 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਆਰੰਭ ਹੋਣਗੇ। ਦੂਜੇ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11 ਵਜੇ ਹੋਵੇਗੀ। ਇਸ ਉਪਰੰਤ ਸ਼ਾਮੀ 6 ਤੋਂ 8 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ ਅਤੇ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਣਗੇ, ਜਿਸ ਵਿਚ ਭਾਈ ਸਾਹਿਬ ਭਾਈ ਕਪੂਰ ਸਿੰਘ ਜੀ (ਖੰਨੇ ਵਾਲੇ) ਅਤੇ ਗਿਆਨੀ ਬਲਵਿੰਦਰ ਸਿੰਘ ਜੀ ਦਾ ਜਥਾ ਸ਼ਬਦ ਗਾਇਨ ਕਰਨਗੇ।

ਇਸ ਦੌਰਾਨ 29 ਜੂਨ ਨੂੰ ਮੈਡੀਕਲ ਕੈਂਪ ਸਵਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਲੱਗੇਗਾ।

ਇੱਥੇ ਇਹ ਵਰਣਨਯੋਗ ਹੈ ਕਿ ਭਾਰਤ ਤੋਂ ਬਾਹਰ ਸਭ ਤੋਂ ਪਹਿਲਾਂ ਫਿਜ਼ੀ ਵਿਚ ਸ੍ਰੀ ਗੁਰੂ ਰਵਿਦਾਸ ਦੇ ਨਾਂ ਤੇ ਗੁਰੂ ਘਰ ਸਥਾਪਤ ਕੀਤਾ ਗਿਆ ਸੀ, ਇਸ ਉਪਰੰਤ ਇੰਗਲੈਂਡ ਵਿਚ ਸਥਾਪਤ ਹੋਇਆ ਅਤੇ ਇਸ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) 2 ਜੂਨ 1985 ਨੂੰ ਸਥਾਪਿਤ ਹੋਇਆ, ਜੋ ਉਤਰੀ ਅਮਰੀਕਾ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਪਹਿਲਾ ਗੁਰੂ ਘਰ ਹੈ।

ਸਮੂਹ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਇਤਿਹਾਸਕ ਦਿਹਾੜੇ 'ਤੇ ਆਪ ਅਤੇ ਆਪਣੇ ਪਰਿਵਾਰਾਂ ਸਮੇਤ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਅਦਾਰਾ "ਦੇਸ਼ ਦੁਆਬਾ" ਅਤੇ ਅਦਾਰਾ "ਅੰਬੇਦਕਰ ਟਾਈਮਜ਼" ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 40ਵੇਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਲੱਖ ਲੱਖ ਵਧਾਈ ਦਿੰਦੇ ਹਾਂ ਅਤੇ ਗੁਰੂਘਰ ਦੇ ਸਾਰੇ ਫਾਊਂਡਰ ਮੈਂਬਰ ਸਹਿਬਾਨ ਨੂੰ ਪ੍ਰਣਾਮ ਕਰਦਾਂ ਹਾਂ ਜਿਨ੍ਹਾਂ ਉੱਤਰੀ ਅਮਰੀਕਾ ਅੰਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉਪਰ ਗੁਰੂਘਰ ਦੀ ਪਿਟਸਬਰਗ (ਕੈਲੀਫੋਰਨੀਆ) ਵਿਖੇ 2 ਜੂਨ 1985 ਨੂੰ ਸਥਾਪਨਾ ਕੀਤੀ।

**– ਪ੍ਰੇਮ ਕੁਮਾਰ ਚੁੰਬਰ**


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY

Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823



ਮੈਂ ਅਪਣੇ ਅਤੇ ਆਪਣੇ ਪਰਿਵਾਰ ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੇ 40ਵੇਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਗੁਰੂਘਰ ਦੇ ਸਾਰੇ ਫਾਊਂਡਰ ਮੈਂਬਰ ਸਹਿਬਾਨ ਨੂੰ ਪ੍ਰਣਾਮ, ਜਿਨ੍ਹਾਂ ਉੱਤਰੀ ਅਮਰੀਕਾ ਅੰਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉਪਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 2 ਜੂਨ 1985 ਨੂੰ ਸਥਾਪਨਾ ਕੀਤੀ। ਮੈਨੂੰ ਇਸ ਗੱਲ ਦੀ ਵੀ ਬੜੀ ਖੁਸ਼ੀ ਅਤੇ ਮਾਣ ਹੈ ਕਿ ਮੈਂ ਗੁਰੂ ਘਰ ਦੇ ਮੁਢਲੇ ਮੈਂਬਰਾਂ ਵਿਚੋਂ ਇਕ ਹਾਂ ਅਤੇ ਉਸ ਵਕਤ ਮੈਂ ਵਾਈਸ ਪ੍ਰਧਾਨ ਵਜੋਂ ਸੇਵਾ ਨਿਭਾਈ ਹੈ।




# ਰਾਮ ਮੂਰਤੀ ਸਰੋਏ



**ਚੇਅਰਮੈਨ:**
**ਡਾ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ ਫਰੀਮਾਂਟ (ਕੈਲੇਫੋਰਨੀਆ)**

**ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਮੁਢਲੇ ਮੈਂਬਰਾਂ ਵਿਚੋਂ ਇਕ**

**ਸੀਨੀਅਰ ਮੈਂਬਰ: ਸੁਪਰੀਮ ਕੌਂਸਲ ਆਫ ਸ੍ਰੀ ਗੁਰੂ ਰਵਿਦਾਸ ਸਭਾਵਾਂ, ਕੈਲੇਫੋਰਨੀਆ (ਯੂ. ਐਸ. ਏ.)**

# ਅਤੇ ਸਮੂਹ ਪਰਿਵਾਰ

ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।






ਅਸੀਂ ਅਪਣੇ ਅਤੇ ਆਪਣੇ ਪਰਿਵਾਰ ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੇ 40ਵੇਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਲੱਖ ਲੱਖ ਵਧਾਈ ਦਿੰਦੇ ਹਾਂ ਅਤੇ ਗੁਰੂਘਰ ਦੇ ਸਾਰੇ ਫਾਊਂਡਰ ਮੈਂਬਰ ਸਹਿਬਾਨ ਨੂੰ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਉੱਤਰੀ ਅਮਰੀਕਾ ਅੰਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉਪਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 2 ਜੂਨ 1985 ਨੂੰ ਸਥਾਪਨਾ ਕੀਤੀ।



ਕਮਲਜੀਤ ਭਾਟੀਆ, ਕਸ਼ਮੀਰੀ ਭਾਟੀਆ ਅਤੇ ਸਮੂਹ ਭਾਟੀਆ ਪਰਿਵਾਰ



KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kamaljit Kaur Bhatia & Kashmiri Bhatia

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376



# SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS

hablamos español

We Speak English, Spanish & Punjabi


We Provide Towing & 24/7 Mobile Road Services For All Autos, Trucks & Trailers


Open Monday to Saturday

Com-Check
T-Check
EFS Check

ACCEPTED HERE

VISA MasterCard AMERICAN EXPRESS DISCOVER NETWORK





209-239-1551

1003 MOFFAT BLVD., MANTECA, CA 95336

# ਸਤਿਗੁਰੂ ਕਬੀਰ ਸਾਹਿਬ ਅਤੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਪੂਰਵਕ ਮਨਾਇਆ

## ਗ੍ਰੈਜੂਏਟਸ ਵਿਦਿਆਰਥੀਆਂ ਦਾ ਕੀਤਾ ਸਨਮਾਨ



**ਸੈਕਰਾਮੈਂਟੋ (ਦੇਸ਼ ਦੁਆਬਾ ਬਿਊਰੋ)** ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਧੰਨ ਧੰਨ ਸਤਿਗੁਰੂ ਕਬੀਰ ਸਾਹਿਬ ਅਤੇ ਧੰਨ ਧੰਨ ਸਤਿਗੁਰੂ ਹਰਿ-ਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਦੌਰਾਨ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਗੁਰਦੀਪ ਸਿੰਘ, ਭਾਈ ਜੀਵਨ ਸਿੰਘ, ਭਾਈ ਮਨੋਹਰ ਸਿੰਘ ਅਤੇ ਭਾਈ ਅਮਰਜੀਤ ਆਦਿ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਸ਼ੁਭ ਦਿਹਾੜੇ ਮੌਕੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਉਹਨਾਂ ਵਿਦਿਆਰਥੀਆਂ ਦਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਕੂਲ/ਕਾਲਜ ਅਤੇ ਯੂਨੀਵਰਸਿਟੀ ਤੋਂ ਗ੍ਰੈਜੂਏਟਸ ਵਿਦਿਆਰਥੀਆਂ ਦਾ ਸਨਮਾਨ ਪੱਤਰ ਅਤੇ ਮੈਡਲਾਂ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਸ੍ਰੀ ਹੰਸ ਰਾਜ ਕਾਜਲਾ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਬੱਚਿਆਂ ਨੂੰ ਉਚੇਰੀ ਵਿੱਦਿਆ ਮੈਰਿਟ ਨਾਲ ਹਾਸਲ ਕਰਨ ਲਈ ਪ੍ਰੇਰਿਆ ਤੇ ਸਟੇਜ ਦੀ ਸੇਵਾ ਸ੍ਰੀ ਬਲਜੀਤ ਸਿੰਘ ਨੇ ਨਿਭਾਈ।


## Matrimonial

USA born boy Doctor DPT (Doctor of physio therapist) born 1993, About 6 ft tall very handsome Looking for suitable match no smoking no drinking.

**Contact- 559 709 8838**


# ਨਵਾਂਸ਼ਹਿਰ ਤੋਂ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾ. ਨਛੱਤਰ ਪਾਲ ਜੁਲਾਈ ਮਹੀਨੇ ਤੋਂ ਕੈਲੇਫੋਰਨੀਆ ਫੇਰੀ 'ਤੇ



**ਫਰਿਜ਼ਨੋ-** ਵਰਲਡਵਾਈਡ ਬੀ. ਐਸ. ਪੀ. ਸਪੋਰਟਸ ਟੀਮ ਦੇ ਸਰਗਰਮ ਮੈਂਬਰ ਸ੍ਰੀ ਅਮਰ ਦੜੋਚ ਅਤੇ ਸ੍ਰੀ ਹਰਜਿੰਦਰ ਕੁਮਾਰ ਅਨੁਸਾਰ ਡਾ. ਨਛੱਤਰ ਪਾਲ ਐਮ. ਐਲ. ਏ. ਜੁਲਾਈ ਮਹੀਨੇ ਕੈਲੇਫੋਰਨੀਆ 'ਚ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਦਿਨ ਐਤਵਾਰ 6 ਜੁਲਾਈ 2025 ਨੂੰ ਅਤੇ 13 ਜੁਲਾਈ 2025 ਦਿਨ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਨਤਮਸਤਕ ਹੋਣਗੇ। ਇਸ ਉਪਰੰਤ ਵੱਖੋ-ਵੱਖਰੇ ਸਥਾਨਾਂ 'ਤੇ ਬੀ. ਐਸ. ਪੀ. ਸਮਰਥਕਾਂ ਨਾਲ ਵਿਚਾਰ ਸਾਂਝੇ ਕਰਨਗੇ। ਵਧੇਰੇ ਜਾਣਕਾਰੀ ਲਈ ਵਧੇਰੇ ਜਾਣਕਾਰੀ ਲਈ Worldiwde BSP Supporters Team ਦੇ ਸਾਥੀ ਅਮਰ ਦੜੋਚ ਜੀ ਨਾਲ (559) 905 6217 ਤੇ ਜਾਂ ਹਰਜਿੰਦਰ ਕੁਮਾਰ ਜੀ ਨਾਲ (347) 614 8026 ਤੇ ਸੰਪਰਕ ਕਰ ਸਕਦੇ ਹੋ।



**ਅਮਰ ਦੜੋਚ**
(559) 905 6217



**ਹਰਜਿੰਦਰ ਕੁਮਾਰ ਖੋਤੜਾਂ**
(347) 614 8026


# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:

650-642-0697

# 3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਗਦਰੀ ਬਾਬਾ ਮੁੱਗੋਵਾਲੀਆ ਦੀ ਸੋਚ, ਸਮੇਂ ਦੀ ਮੰਗ



**ਸੀ. ਐਲ. ਚੁੰਬਰ**
**ਮੁੱਖ ਸੰਪਾਦਕ**
**ਕੌਮੀ ਉਡਾਰੀਆਂ (ਜਲੰਧਰ)**

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ ਤੇ ਕੁੱਟ-ਕੁੱਟ ਕੇ ਅਧਮੋਇਆ ਕਰ ਦਿੱਤਾ। ਇਸ ਮਾਰ ਕੁੱਟ ਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ। 1909 ਈ: ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ।

ਦੋ ਵਾਰ ਸ਼ਹੀਦ ਹੁੰਦੇ ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਨਾ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰੀ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਹਨਾਂ ਨੇ ਅਛੂਤਾਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਦੇ ਨਾਲ ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਿਆ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣਾ ਦਿੱਤਾ, ਇਸੇ ਕਰਕੇ ਪੰਜਾਬ ਖਾਸ ਕਰਕੇ ਦੁਆਬੇ ਦੇ ਆਦਿ ਧਰਮੀ ਵੱਧ ਪੜ੍ਹੇ ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ ਧਰਮੀਆਂ ਨੂੰ ਜਾਗਰਿਤ ਕਰਨ ਲਈ 11, 12 ਜੂਨ 1926 ਨੂੰ ਪਿੰਡ ਮੁੱਗੋਵਾਲ ਵਿਚ ਜਲਸੇ ਵਿਚ ਆਦਿ ਧਰਮ ਦੀ ਸਥਾਪਨਾ ਕਰਕੇ ਆਦਿ ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ ਧਰਮੀਆਂ ਨੂੰ ਮਿਲੇ ਹੱਕਾਂ ਖ਼ਿਲਾਫ਼ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਸ਼ਿਮਲਾ 'ਚ ਮਰਨ ਵਰਤ ਰੱਖਿਆ। ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 ਸੀਟਾਂ 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।

ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ ਧਰਮੀਆਂ ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣਵਾਦ ਹੈ। ਇਸ ਲਈ ਉਹਨਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ: ਅੰਬੇਦਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ ਘਾਟੀ ਦੀ ਸੱਭਿਅਤਾ ਦੇ ਆਦਿ ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ ਸੀ। ਅੱਜ ਤੋਂ 21 ਸਾਲ ਪਹਿਲਾਂ ਭਾਵ ਜਨਵਰੀ 1985 ਵਿਚ ਗਦਰੀ ਬਾਬਾ ਮੰਗੂ ਰਾਮ ਜੀ ਦੀ 99ਵੀਂ ਜਨਮ ਸ਼ਤਾਬਦੀ ਉਪਰ ਅਸੀਂ ਪਲੇਠਾ ਸੋਵੀਨਰ ''ਬਾਬੂ ਮੰਗੂ ਰਾਮ ਮੁੱਗੋਵਾਲੀਆ 99ਵੀਂ ਜਨਮ ਸ਼ਤਾਬਦੀ ਸੋਵੀਨਰ 1985'' ਪ੍ਰਕਾਸ਼ਿਤ ਕੀਤਾ। ਇਹ ਸੋਵੀਨਰ ਆਦਿ ਧਰਮੀ ਕੌਮ ਦਾ ਬਾਬੂ ਜੀ ਪ੍ਰਤੀ ਪਹਿਲਾ ਸੋਵੀਨਰ ਸੀ, ਜਿਸ ਨੂੰ ਪੜ੍ਹ ਕੇ ਲੋਕ ਗਦ ਗਦ ਹੋ ਉੱਠੇ ਅਤੇ ਉਹਨਾਂ ਦੇ ਜ਼ਬਰਦਸਤ ਹੁੰਗਾਰਿਆਂ ਨੇ ਸਾਨੂੰ ਅਖ਼ਬਾਰ ਸ਼ੁਰੂ ਕਰਨ ਲਈ ਪ੍ਰੇਰਿਆ। ਪਰ ਅਸੀਂ ਅਖ਼ਬਾਰ ਤਾਂ ਨਹੀਂ ਸ਼ੁਰੂ ਕਰ ਸਕੇ ਪ੍ਰੰਤੂ ਉਸੇ ਸਾਲ ਦਸੰਬਰ 1985 ਵਿਚ ਆਪਣਾ ਮਾਸਿਕ ਮੈਗਜ਼ੀਨ "ਕੌਮੀ ਉਡਾਰੀਆਂ'' ਜ਼ਰੂਰ ਸ਼ੁਰੂ ਕਰ ਦਿੱਤਾ। ਆਦਿ ਧਰਮੀ ਕੌਮ ਦਾ ਇਹ ਪਹਿਲਾ ਮੈਗਜ਼ੀਨ ਸੀ ਜੋ ਆਮ ਪ੍ਰਿਟਿੰਗ ਤੋਂ ਆਫਸੈਟ ਪ੍ਰਿੰਟਿੰਗ 'ਤੇ ਛਾਪਣਾ ਸ਼ੁਰੂ ਕਰ ਦਿੱਤਾ ਅਤੇ ਹੋਰਨਾਂ ਅਖ਼ਬਾਰਾਂ ਤੇ ਮੈਗਜ਼ੀਨਾਂ ਦੀ ਤਰ੍ਹਾਂ ਹਰ ਬੁੱਕ ਸਟਾਲ ਦਾ ਸ਼ਿੰਗਾਰ ਬਣਿਆ।



ਸੋਵੀਨਰ ਅਤੇ ਮੈਗਜ਼ੀਨ ਕੌਮੀ ਉਡਾਰੀਆਂ ਨੂੰ ਪੰਜਾਬੀਆਂ ਨੇ ਤਾਂ ਸਲਾਹਿਆ ਹੀ ਪਰ ਇਹ ਦੋਵੇਂ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਵੀ ਸਲਾਹੇ ਗਏ ਕਿਉਂਕਿ ਅਸੀਂ ਕਿਸੇ ਖਾਸ ਵਿਚਾਰਧਾਰਾ ਨੂੰ ਲੈ ਕੇ ਤੁਰੇ, ਜਿਸ ਦੀ ਸ਼ੁਰੂਆਤ 11-12 ਜੂਨ 1926 ਨੂੰ ਗਦਰੀ ਬਾਬੂ ਮੰਗੂ ਰਾਮ ਜੀ ਦੀ ਰਹਿਨੁਮਾਈ ਵਿਚ ਉਹਨਾਂ ਦੇ ਹੀ ਪਿੰਡ ਵਿਚ ਹਜ਼ਾਰਾਂ ਲੋਕਾਂ ਨੇ ਪ੍ਰਵਾਨਗੀ ਦਿੱਤੀ। ਅਮਰੀਕਾ ਵਿਚ ਰਹਿ ਰਹੇ ਵਿਦਵਾਨਾਂ ਬਾਰਬਰਾ ਜੋਸ਼ੀ ਤੱਕ ਨੇ ਇਸ ਪੇਪਰ ਨੂੰ ਸਲਾਹਿਆ। ਕੌਮੀ ਉਡਾਰੀਆਂ ਦਾ ਦਸੰਬਰ 1990 ਦਾ ਅੰਕ ''ਆਦਿ ਧਰਮ ਮੰਡਲ ਰਿਪੋਰਟ 1931 ਈ: ਵਿਸ਼ੇਸ਼ ਅੰਕ'' ਪ੍ਰਕਾਸ਼ਿਤ ਕੀਤਾ ਜਿਸ ਵਿਚ ਉਸ ਵੇਲੇ ਦੇ ਸਿਰਲੱਥ 55 ਪ੍ਰਚਾਰਕਾਂ ਅਤੇ 500 ਮੈਂਬਰਾਂ ਦੇ ਨਾਂ ਬਾਬੂ ਕਾਂਸ਼ੀ ਰਾਮ ਜੀ ਦੀ ਸੰਪਾਦਕੀ ਹੇਠ ਛਪਦੇ ਅਖ਼ਬਾਰ ਹਫਤਾਵਾਰ ''ਬਹੁਜਨ ਸਮਾਜ ਬੁਲੇਟਿਨ'' ਦੇ ਜਨਵਰੀ 1997 ਦੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਵਿਸ਼ੇਸ਼ ਅੰਕ ਵਿਚ ਲਿਖ ਚੁੱਕਾ ਹਾਂ ਬਤੌਰ ਉਸ ਦੇ ਰੈਜੀਡੈਂਟ ਐਡੀਟਰ। ਉਪਰੋਕਤ ਪ੍ਰਚਾਰਕਾਂ ਅਤੇ ਮੈਂਬਰਾਂ ਦੇ ਕਈ ਵਾਰਸਾਂ ਨੇ ਸਾਨੂੰ ਮਿਲ ਕੇ ਦੱਸਿਆ ਕਿ ਇਹ ਕੰਮ ਬਹੁਤ ਹੀ ਸ਼ਲਾਘਾਯੋਗ ਹੈ ਕਿ ਸਾਡੇ ਵਿਚੋਂ ਬਹੁਤਿਆਂ ਨੂੰ ਤਾਂ ਇੰਨਾ ਵੀ ਪਤਾ ਨਹੀਂ ਸੀ ਕਿ ਸਾਡੇ ਬਜ਼ੁਰਗਾਂ ਨੇ ਆਦਿ ਧਰਮ ਅੰਦੋਲਨ ਵਿਚ ਕੰਮ ਕੀਤਾ ਸੀ।

ਅੱਜ ਮੈਨੂੰ ਬੇਹੱਦ ਖੁਸ਼ੀ ਹੈ ਕਿ ਸਾਡੇ ਵੱਲੋਂ ਪ੍ਰਕਾਸ਼ਿਤ ਸੋਵੀਨਰ ਅਤੇ ਮੈਗਜ਼ੀਨ ਦੀਆਂ ਲਿਖਤਾਂ ਦਾ ਵੱਡੇ ਪੱਧਰ 'ਤੇ ਮੁੜ ਪ੍ਰਕਾਸ਼ਨ ਜਾਂ ਹਵਾਲੇ ਦਿੱਤੇ ਜਾ ਰਹੇ ਹਨ। ਕੁਝ ਲੇਖਕ ਵੀਰ ਸਾਡੇ ਵੱਲੋਂ ਪਹਿਲਾਂ ਛਾਪੇ ਮੈਟਰ ਨੂੰ ਤਾਂ ਛਾਪ ਲੈਂਦੇ ਹਨ ਪਰ ਹਵਾਲੇ ਨਹੀਂ ਦਿੰਦੇ। ਪਰ ਜਿੱਥੇ ਅਸੀਂ ਚੁੱਪ ਹਾਂ ਅਤੇ ਉਥੇ ਖੁਸ਼ ਵੀ ਹਾਂ ਕਿ ਆਦਿ ਧਰਮ ਦੀ ਗੱਲ ਜੋ ਬਾਬੂ ਮੰਗੂ ਰਾਮ ਜੀ ਨੇ ਚਲਾਈ ਸੀ, ਅੱਜ ਇਹ ਲੇਖਕ ਵੀਰ ਉਸ ਲਹਿਰ ਦੀ ਮਹੱਤਤਾ ਨੂੰ ਸਮਝਣ ਲੱਗ ਪਏ ਹਨ।

28 ਦਸੰਬਰ 1985 ਨੂੰ ਜਲੰਧਰ ਸ਼ਹਿਰ ਵਿਖੇ ਸ਼ਹੀਦ ਰਾਮ ਪ੍ਰਕਾਸ਼ ਜੀ ਦੇ ਸ਼ਹੀਦੀ ਸਮਾਗਮ ਵਿਚ ਸਾਡੇ ਇਕ ਸਮਕਾਲੀ ਪ੍ਰੰਤੂ ਬਜ਼ੁਰਗ ਮਾਣਯੋਗ ਲੇਖਕ ਨੇ ਕਿਹਾ ਸੀ ਕਿ ਇਕ ਮਾਡਲ ਟਾਊਨ ਜਲੰਧਰ ਬੈਠਾ (ਮੇਰੇ ਵੱਲ ਇਸ਼ਾਰਾ ਕਰਕੇ ਪਰ ਮੈਂ ਉਸ ਵਕਤ ਸਮਾਗਮ ਵਿਚ ਮੌਜੂਦ ਨਹੀਂ ਸੀ) ਹੈ ਜੋ ਕੁਝ ਸਮੇਂ ਤੋਂ ਮੰਗੂ ਨੂੰ ਚੁੱਕੀ ਫਿਰਦਾ ਹੈ ਤੇ ਉਸ ਨੂੰ ਮੁਰਦੇ ਪੁੱਟਣ ਤੋਂ ਸਿਵਾਏ ਹੋਰ ਕੋਈ ਕੰਮ ਨਹੀਂ ਹੈ ਪਰ ਮੈਂ ਇੱਥੇ ਕਹਿਣਾ ਚਾਹੁੰਦਾ ਹਾਂ ਕਿ ਉਸੇ ਸਥਾਨ ਤੇ 14 ਅਪ੍ਰੈਲ 1987 ਵਾਲੇ ਦਿਨ ਉਸੇ ਮਾਣਯੋਗ ਬਜ਼ੁਰਗ ਲੇਖਕ ਦੀ ਸਰਪ੍ਰਸਤੀ ਹੇਠ ਸੁਸਾਇਟੀ ਮੰਗੂ ਨੂੰ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਨਾਂ ਨਾਲ ਸੰਬੋਧਨ 'ਕੌਮੀ ਮਸੀਹਾ' ਵਜੋਂ ਮਰਨ ਉਪਰੰਤ ਸਨਮਾਨ ਦੀ ਹੈ। ਇਹ ਸਾਡੀ ਕਲਮੀ ਜ਼ਿੰਦਗੀ ਦੇ ਸੁਨਹਿਰੀ ਦਿਨਾਂ ਵਿਚੋਂ ਇਕ ਦਿਨ ਸੀ।

ਬਾਮਸੇਫ ਨੇ ਵੀ ਬਾਬੂ ਮੰਗੂ ਰਾਮ ਜੀ ਨੂੰ ਦੇਸ਼ ਦੇ 'ਟੈਨ ਗ੍ਰੇਟ ਲਾਈਵਜ਼' (ਦਸ ਮਹਾਨ ਪੁਰਸ਼) ਨਾਂ ਦੀ ਪੁਸਤਕ ਵਿਚ ਸ਼ਾਮਲ ਕਰ ਲਿਆ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਾਲਿਆਂ ਨੇ ਵੀ ਗਦਰੀ ਬਾਬਾ ਲਾਲਾ ਹਰਦਿਆਲ ਜੀ ਦੇ ਨਾਂ ਸੋਵੀਨਰ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਫੋਟੋ ਲਗਾ ਕੇ ਬਾਬੂ ਮੁੱਗੋਵਾਲੀਆ ਜੀ ਦੀ ਹੋਂਦ ਨੂੰ ਗਦਰੀ ਬਾਬਾ ਦੀ ਹੋਂਦ ਵਜੋਂ ਮੰਨ ਲਿਆ ਹੈ।

28 ਅਕਤੂਬਰ 1988 ਦੇ ਟ੍ਰਿਬਿਊਨ ਗਰੁੱਪ ਵਿਚ ਪ੍ਰਸਿੱਧ ਜਰਨਾਲਿਸਟ ਸ. ਖੁਸ਼ਵੰਤ ਸਿੰਘ ਜੀ ਨੇ 'ਮੰਗੂ ਰਾਮ ਤੋਂ ਕਾਂਸ਼ੀ ਰਾਮ ਤੱਕ' ਨਾਂ ਦੀ ਲਿਖਤ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਰੱਜ ਕੇ ਸਿਫ਼ਤ ਕਰਦਿਆਂ ਇਹ ਮੰਨਿਆ ਕਿ ਬੀ. ਐਸ. ਪੀ. ਦੀ 1985 ਵਿਚ ਚੋਣਾਂ ਵਿਚ ਸਫਲਤਾ ਪਿੱਛੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਉਹਨਾਂ ਦੇ ਜੁਝਾਰੂ ਸ਼ਹਿਰੀਆਂ ਵੱਲੋਂ ਤਿਆਰ ਕੀਤਾ ਆਧਾਰ ਹੀ ਸੀ।

21 ਨਵੰਬਰ 1990 ਦੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ 'ਦਿ ਟਾਈਮਜ਼ ਆਫ ਇੰਡੀਆ' ਨੇ ਆਦਿ ਧਰਮ ਬਾਰੇ ਆਪ ਹੀ ਪੁਰਾਣੀ ਲਿਖਤ ਮੁੜ ਪ੍ਰਕਾਸ਼ਿਤ ਕੀਤੀ ਸੀ ਜਿਸ ਵਿਚ ਡਾਕਟਰ ਜੇ. ਐਚ. ਹਟਨ ਕਮਿਸ਼ਨਰ ਜਨਗਣਨਾ (1931 ਈਸਵੀ ਨੇ ਮੰਨਿਆ ਕਿ ਆਦਿ ਧਰਮ ਵਿਰੋਧੀਆਂ ਨੇ ਇਕ ਆਦਿ ਧਰਮੀ ਨੂੰ ਇਸ ਕਰਕੇ ਕਤਲ ਕਰ ਦਿੱਤਾ ਸੀ ਕਿ ਉਸ ਨੇ ਆਪਣਾ ਧਰਮ ਆਦਿ ਧਰਮ ਕਿਉਂ ਲਿਖਵਾਇਆ।

ਅੱਜ ਦਾ ਜਾਗਰੂਕ ਆਦਿ ਧਰਮੀ 1931 ਈਸਵੀ ਦੀ ਜਨਗਣਨਾ ਵਾਲੇ ਆਦਿ ਧਰਮੀ ਦੀ ਤਰ੍ਹਾਂ ਹਰ ਖੇਤਰ ਵਿਚ ਆਪਣੀ ਵੱਖਰੀ ਹੋਂਦ ਚਾਹੁੰਦਾ ਹੈ। ਕੁਝ ਲੋਕ ਧਰਮ ਪਰਿਵਰਤਨ ਦੇ ਰਸਤੇ ਅੱਗੇ ਵਧਣਾ ਚਾਹੁੰਦੇ ਹਨ ਅਤੇ ਕੁਝ ਕਪਿਲਾ ਗਊ ਦੀ ਪੂਛ ਫੜ ਕੇ ਹਿੰਦੂਵਾਦ ਦੇ ਭਵਸਾਗਰ ਨੂੰ ਪਾਰ ਕਰਨਾ ਚਾਹੁੰਦੇ ਹਨ। ਪ੍ਰੰਤੂ ਬਹੁਗਿਣਤੀ ਆਪਣੇ ਆਪ ਨੂੰ ਆਦਿ ਧਰਮ ਨੂੰ ਮੁੱਖ ਰੱਖ ਕੇ ਹੀ ਅੱਗੇ ਵਧਣਾ ਚਾਹੁੰਦੇ ਹਨ।

ਇਸ ਗੱਲ ਨੂੰ ਕੋਈ ਝੁਠਲਾ ਨਹੀਂ ਸਕਦਾ ਕਿ ਜੇਕਰ ਆਦਿ ਧਰਮ ਵਿਚਾਰਧਾਰਾ ਵਾਲਿਆਂ ਉਪਰ ਜ਼ੁਲਮ ਹੁੰਦੇ ਹਨ ਤਾਂ ਧਰਮ ਪਰਿਵਰਤਨ ਕਰਨ ਵਾਲਿਆਂ ਤੇ ਵੀ ਜ਼ੁਲਮ ਹੁੰਦੇ ਹਨ ਪਰ ਦੋਹਾਂ ਦੇ ਬਿਖਰਨ ਨਾਲ ਤਾਕਤ ਘਟੀ ਹੈ ਅਤੇ ਜ਼ੁਲਮ ਅਤੇ ਗੁਲਾਮੀ ਹੋਰ ਵਧੀ ਹੈ। ਅੱਜ ਫਿਰ ਜ਼ਰੂਰਤ ਹੈ ਕਿ ਦੁਬਾਰਾ ਇਕੱਠੇ ਹੋਈਏ।

ਇਕੱਠੇ ਹੋਣ ਅਤੇ ਇਕੱਠੇ ਰਹਿਣ ਤੇ ਚੱਲਣ ਨਾਲ ਸਾਡੀ ਗੁਲਾਮੀ ਦੀਆਂ ਜ਼ੰਜੀਰਾਂ ਪਿਘਲ ਕੇ ਹਥਿਆਰ ਬਣ ਜਾਣਗੀਆਂ। ਬੰਦਾ ਬੰਦੇ ਦਾ ਗੁਲਾਮ ਨਾ ਰਹੇ, ਕੋਈ ਲਾਲਚ ਨਾ ਰਹੇ, ਆਦਮੀ ਅਤੇ ਔਰਤ ਇਕ ਦੂਸਰੇ ਤੋਂ ਹੀਣੇ ਨਾ ਰਹਿਣ, ਇਹੀ ਆਦਿ ਧਰਮ ਦੀ ਮੰਜ਼ਿਲ ਹੈ ਅਤੇ ਇਹੀ ਆਰੰਭ ਅਤੇ ਇਹੀ ਪੜਾਅ ਹੈ।


**'ਕੌਮੀ ਉਡਾਰੀਆਂ' ਜਲੰਧਰ 'ਚੋਂ ਧੰਨਵਾਦ ਸਹਿਤ**

# ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼

ਸ੍ਰੀ ਸੀ. ਐਲ. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।

ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।

ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀਂ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੰਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ। ਮਹਾਤਮਾ ਜੋਤੀ ਰਾਓ ਫੂਲੇ, ਪੈਰੀਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।







ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ਼. ਏ. ਚੁਣੇ, ਅਛੂਤਾਂ ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ। ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮਾਜਿਕ ਇਨਕਲਾਬ ਦੇ ਰਸਤੇ ਪਾਇਆ। ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ। ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ। ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ। ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ। ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸਕ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**- ਪ੍ਰੋ. ਗੁਰਨਾਮ ਸਿੰਘ, ਮੁਕਤਸਰ**
**ਧੰਨਵਾਦ ਸਹਿਤ ਫਤਿਹਜੰਗ ਸਿੰਘ**
**ਬਹੁਜਨ ਸੰਦੇਸ਼ 14 ਜੁਲਾਈ 1985**

**Postal Address of Desh Doaba : 5101 Doe Hollow Pl, Antelope, CA. 95843**
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

NSSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nssbfinancial.com

1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834





Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# HAPPY BAZAAR

**Indian, Pakistani & Fijjian Groceries**

**WE ARE OPEN**
**7 DAYS A WEEK**
**9:00 am to 8:30 pm**

RENT DVDS & BUY CLOTHES
ENJOY YOUR DAY WITH HOPES

**We sell Air Tickets**
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

**CALL US**
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

**1304 E Hammer Lane # 7 Stockton CA 95212**
EMAIL : indiabazaar08@yahoo.com



# Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

**Call : Dharminder Singh**




**Cell : 530-870-6600**
Fax : (530) 870-1429
532 Houston St.
West Sacramento, CA 95691
Email: myfuturetruck@gmail.com

ਸਤਿਗੁਰੂ ਰਵਿਦਾਸ ਚਿੰਤਨ

# ਆਗਮਨ ਪੁਰਬ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ

ਸਦੀਆਂ ਪਹਿਲਾਂ ਭਾਰਤ ਦੇ ਅਛੂਤਾਂ ਅੰਦਰ ਸਵੈ-ਮਾਣ, ਸਵੈ-ਵਿਸ਼ਵਾਸ ਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਸੰਤ ਸਤਿਗੁਰੂ ਰਵਿਦਾਸ ਜੀ ਇਕ ਮਹਾਨ, ਆਕਰਸ਼ਕ, ਵਿਲੱਖਣ, ਅਦੁੱਤੀ ਤੇ ਬੇਮਿਸਾਲ ਵਿਅਕਤਿਤਵ ਦੇ ਮਾਲਕ ਸਨ। ਉਹ ਸੱਚੇ, ਕਰਮਯੋਗੀ, ਸਹਿਣਸ਼ੀਲ, ਦਿਆਲੂ, ਪਰ-ਉਪਕਾਰੀ, ਅਮਨ-ਪਸੰਦ, ਕਥਨੀ-ਕਰਨੀ ਵਿਚ ਪੂਰੇ, ਮਿਠਬੋਲੜੇ, ਨਿਰਭੈ, ਨਿਰਵੈਰ, ਸਾਹਸੀ ਅਤੇ ਮਹਾਨ ਸੰਤ ਸਨ। ਆਪ ਚੇਤਨਾ ਦੀ ਲਟ-ਲਟ ਬਲਦੀ ਇਕ ਅਜਿਹੀ ਮਿਸ਼ਾਲ ਸੀ, ਜਿਸਨੇ ਨਿਮਨ ਵਰਗ ਵਿਚ ਜੋਸ਼ ਅਤੇ ਉਤਸ਼ਾਹ ਦੀ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ, ਜੋ ਤਤਕਾਲੀਨ ਸਮਾਜ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਪਿੱਛੇ ਛੱਡ ਗਈ ਕਿ ਅੱਜ ਵੀ ਲੱਖਾਂ ਪ੍ਰਾਣੀ ਉਸ ਤੋਂ ਰੌਸ਼ਨੀ ਪ੍ਰਾਪਤ ਕਰ ਰਹੇ ਹਨ। ਗੁਰੂ ਰਵਿਦਾਸ ਜੀ ਦੀ ਬੇਮਿਸਾਲ ਸ਼ਖਸੀਅਤ ਦਾ ਹੀ ਪ੍ਰਭਾਵ ਸੀ ਕਿ ਅਖੌਤੀ ਨਿਮਨ ਵਰਗ ਵਿਚ ਪੈਦਾ ਹੋ ਕੇ ਵੀ ਉਹ ਸ਼ਾਹੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕ ਰਾਜੇ-ਮਹਾਰਾਜੇ, ਵਿਦਵਾਨ ਪੰਡਤ ਅਤੇ ਕਥਿਤ ਉਚਤਮ ਵਰਗ ਦੇ ਲੋਕ ਉਹਨਾਂ ਦੇ ਸੇਵਕ ਬਣੇ। ਆਪ ਬਾਣੀ ਵਿਚ ਲਿਖਦੇ ਹਨ:

ਮੇਰੀ ਜਾਤ ਕੁਟਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥ (ਆਦਿ ਗ੍ਰੰਥ, ਪੰਨਾ 1293)

ਸਿੱਖ ਧਰਮ ਦੇ ਚੌਥੇ ਗੁਰੂ ਸਤਿਗੁਰੂ ਰਾਮਦਾਸ ਜੀ ਆਪ ਜੀ ਦੀ ਪ੍ਰਸੰਸਾ ਕਰਦਿਆਂ ਲਿਖਦੇ ਹਨ:

ਰਵਿਦਾਸ ਚਮਾਰ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤ ਉਤਮੁ ਭਇਆ
ਚਾਰ ਵਰਨ ਪਏ ਪਗਿ ਆਦਿ॥ (ਆਦਿ ਗ੍ਰੰਥ, ਪੰਨਾ 733)

ਗੁਰੂ ਰਵਿਦਾਸ ਜੀ ਇਨਕਲਾਬੀ ਯੋਧਾ ਸਨ। ਆਪ ਨੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਗੁਲਾਮੀ ਵਿਰੁੱਧ 'ਪਰਾਧੀਨਤਾ ਪਾਪ ਹੈ' ਅਤੇ 'ਐਸਾ ਚਾਹੁੰ ਰਾਜ ਮੈਂ, ਜਹਾਂ ਮਿਲੇ ਸਬਨ ਕੋ ਅੰਨ' ਕਹਿ ਕੇ ਇਸ ਵਿਵਸਥਾ ਵਿਰੁੱਧ ਨਾਅਰਾ ਬੁਲੰਦ ਕੀਤਾ। 'ਸੰਕਾ ਸੁਨਿ ਬੇਦ ਪੁਰਾਨ' ਅਤੇ 'ਮੂਰਖਿ ਹੈ ਜੋ ਕਰਤ ਹੈ, ਬਰਨ ਅਬਰਨ ਬਿਚਾਰ' ਦੁਆਰਾ ਅਖੌਤੀ ਧਰਮ-ਸ਼ਾਸਤਰਾਂ ਦੀ ਪ੍ਰਭੁਸੱਤਾ ਨੂੰ ਵੰਗਾਰ ਕੇ ਭਰਮਾਂ, ਕਰਮਕਾਂਡਾਂ, ਅੰਧ-ਵਿਸ਼ਵਾਸਾਂ, ਆਡੰਬਰਾਂ, ਪੂਜਾ, ਅਰਚਨਾ, ਮੂਰਤੀਆਂ ਅੱਗੇ ਨੱਚਣ, ਗਾਉਣ ਆਦਿ ਵਰਗੇ ਪਾਖੰਡਾਂ ਦਾ 'ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ' ਕਹਿ ਕੇ ਜ਼ੋਰਦਾਰ ਖੰਡਨ ਕੀਤਾ, ਆਪ ਦਾ ਫਰਮਾਨ ਹੈ:

(ੳ) ਮਾਧਵੇ! ਕਿਆ ਕਹੀਐ ਭ੍ਰਮ ਐਸਾ।
ਜੈਸਾ ਮਾਨੀਐ ਹੋਇ ਨ ਤੈਸਾ। ਰਹਾਉ। (ਪੰਨਾ 657)
(ਅ) ਭ੍ਰਮ ਨਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਜਾਨਿ॥
ਭ੍ਰਮ ਸੇਵਾ ਭ੍ਰਮ ਪੂਜਾ ਅਰੁ ਭ੍ਰਮ ਸੂੰ ਪਹਿਚਾਨ॥
(ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰ. ਯੂ. ਚੰਡੀਗੜ੍ਹ, ਪੰਨਾ 62)

ਸਤਿਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ 'ਰਵਿਦਾਸ ਜਨਮ ਕੇ ਕਾਰਨੈ, ਹੋਤ ਨ ਕੋਈ ਨੀਚ' ਅਤੇ 'ਰਵਿਦਾਸ ਬਾਹਮਨ ਮਤ ਪੂਜੀਏ, ਜਉ ਹੋਵੇ ਗੁਨਹੀਨ' ਕਹਿ ਕੇ ਜਾਤ-ਪਾਤ, ਊਚ-ਨੀਚ ਅਤੇ ਅਖੌਤੀ ਉਚਤਮ ਵਰਗ ਦੀ ਸ੍ਰੇਸ਼ਠਤਾ ਨੂੰ ਚੁਣੌਤੀ ਦਿੱਤੀ, ਬਲਕਿ ਗੁਰੂ ਜੀ ਦਾ ਸਪਸ਼ਟ ਆਦੇਸ਼ ਹੈ ਕਿ 'ਪੂਜਹਿੰ ਚਰਨ ਚੰਡਾਲ ਕੇ, ਜਉ ਹੋਵੇ ਗੁਨ ਪਰਵੀਨ' ਅਰਥਾਤ ਗੁਣਹੀਣ ਬ੍ਰਾਹਮਣ ਦੇ ਮੁਕਾਬਲੇ ਤੇ ਸ੍ਰੇਸ਼ਠ ਗੁਣਾਂ ਨਾਲ ਭਰਪੂਰ ਅਖੌਤੀ ਚੰਡਾਲ ਅਥਵਾ ਕਥਿਤ ਅਛੂਤ ਪੂਜਣਯੋਗ ਹੈ। ਆਪ ਨੇ ਆਰਥਿਕ ਸੰਪਨਤਾ ਲਈ ਨਿਰੰਤਰ ਕਿਰਤ ਨਾਲ ਜੁੜੇ ਰਹਿਣ, 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਦੇ ਸੰਕਲਪ ਨੂੰ ਪ੍ਰਗਟਾਉਂਦਿਆਂ ਅਨਪੜ੍ਹਤਾ ਅਤੇ ਅਗਿਆਨਤਾ ਤੋਂ ਮੁਕਤੀ ਲਈ 'ਉਪਜਿਓ ਗਿਆਨ ਹੂਆ ਪਰਗਾਸ' ਕਹਿ ਕੇ ਵਿਵੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿਦਿਆ ਦੇ ਨੂਰ ਨਾਲ ਪ੍ਰਜਵਲਿਤ ਅਥਵਾ ਰੋਸ਼ਨ ਕਰਨ, 'ਸੁਰਸੁਰੀ ਸਲਲ ਕ੍ਰਿਤ ਬਾਰੁਨੀ ਰੇ' ਆਖ ਕੇ ਨਸ਼ਿਆਂ ਦੇ ਸੇਵਨ ਤੋਂ ਪਰਹੇਜ਼, ਸਾਦੀ ਰਹਿਣੀ-ਬਹਿਣੀ ਅਤੇ 'ਸਤਸੰਗਤਿ ਮਿਲਿ ਰਹੀਐ ਮਾਧਉ! ਜੈਸੇ ਮਧੁਪ ਮਖੀਰਾ' ਦੇ ਦ੍ਰਿਸ਼ਟਾਂਤ ਰਾਹੀਂ ਸਾਊ ਮਨੁੱਖ ਤੇ ਸੁਚੱਜਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ ਹੈ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਪੂਰਨ, ਅਤਿਆਚਾਰੀ ਅਤੇ ਅੰਦੇਸ਼ਿਆਂ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ ਅਜਿਹੇ ਸੁਤੰਤਰ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ, ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਅਰਥਾਂ ਵਿਚ ਲੋਕਤੰਤਰ ਹੋਵੇ। ਪਰ ਪਦਾਰਥਵਾਦੀ ਰੁਚੀਆਂ ਅਧੀਨ ਅਸੀਂ ਆਪਣੇ ਸੰਤ-ਸਤਿਗੁਰੂਆਂ ਦੀ ਵਿਵਹਾਰਕ ਵਿਚਾਰਧਾਰਾ ਤੋਂ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਅਜੋਕੀਆਂ ਤੇ ਮੱਧਕਾਲੀਨ ਪ੍ਰਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਬਲਗਣਾਂ, ਬੰਦਸ਼ਾਂ ਤੇ ਰਾਜ ਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਅੱਜ ਵੀ ਮੌਜੂਦ ਹਨ।

ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫ਼ਲਸਫ਼ੇ ਨੂੰ ਸੰਕੀਰਨ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹਾ ਹੈ। ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਜਿਸ ਰੂੜ੍ਹੀਵਾਦ, ਕਰਮਕਾਂਡ, ਆਡੰਬਰ ਤੇ ਪਾਖੰਡ ਦਾ ਸਤਿਗੁਰੂ ਰਵਿਦਾਸ ਜੀ ਨੇ ਖੰਡਨ ਕੀਤਾ ਸੀ, ਮੱਠਧਾਰੀਆਂ ਵੱਲੋਂ ਉਸ ਨੂੰ ਹੀ ਪੂਰੀ ਤਰ੍ਹਾਂ ਅਪਨਾ ਲਿਆ ਗਿਆ ਹੈ।

## ਆਗਮਨ ਪੁਰਬ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ

ਸਤਿਗੁਰੂ ਰਵਿਦਾਸ ਜੀ ਨੇ ਆਪਣੇ ਚਿੰਤਨ ਦੁਆਰਾ ਸਮਾਜ ਨੂੰ ਵਿਦਿਅਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਤੌਰ 'ਤੇ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋਣ ਦਾ ਇਨਕਲਾਬੀ ਸੁਨੇਹਾ ਦਿੱਤਾ ਹੈ। ਪਰ ਆਪ ਜੀ ਦੇ ਸਮੁੱਚੇ ਫ਼ਲਸਫ਼ੇ ਦਾ ਵਿਸ਼ਾਲ ਪੱਧਰ ਤੇ ਪ੍ਰਚਾਰ ਅਤੇ ਪਾਸਾਰ ਨਹੀਂ ਹੋ ਸਕਿਆ। ਅਕਸਰ ਅਸੀਂ ਆਪ ਦੇ ਅਧਿਆਤਮਕ ਚਿੰਤਨ ਉਪਰ ਹੀ ਜ਼ਿਆਦਾ ਬਲ ਦਿੰਦੇ ਰਹੇ ਹਾਂ। ਅਧਿਆਤਮਕ ਚਿੰਤਨ ਮਨੁੱਖ ਦੀ ਬਹੁ-ਪੱਖੀ ਤੇ ਬਹੁ-ਪਾਸਾਰੀ ਜ਼ਿੰਦਗੀ ਦਾ ਕੇਵਲ ਇਕ ਪੱਖ ਹੈ। ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਵਿਦਿਅਕ ਤੌਰ 'ਤੇ ਜੋ ਜੋਰ, ਜਬਰ, ਜ਼ੁਲਮ ਅਤੇ ਬੇਇਨਸਾਫ਼ੀ ਸਾਡੇ ਸਮਾਜ ਨਾਲ ਹੋ ਰਹੀ ਹੈ, ਉਸਦਾ ਸਾਹਮਣਾ ਕਿਵੇਂ ਕਰਨਾ ਹੈ, ਇਸ ਦਾ ਹੱਲ ਕਿਵੇਂ ਕੱਢਣਾ ਅਤੇ ਇਸ ਤੋਂ ਛੁਟਕਾਰਾ ਕਿਵੇਂ ਪ੍ਰਾਪਤ ਕਰਨਾ ਹੈ, ਇਨ੍ਹਾਂ ਮਸਲਿਆਂ ਨੂੰ ਗੁਰਬਾਣੀ ਦੀ ਕਸੌਟੀ 'ਤੇ ਪਰਖਣ ਅਤੇ ਉਹਨਾਂ ਦੇ ਸਮਾਧਾਨ ਖੋਜਣ ਦੀ ਲੋੜ ਹੈ।

ਸਤਿਗੁਰੂ ਰਵਿਦਾਸ ਜੀ ਦਾ ਸਮੁੱਚਾ ਜੀਵਨ-ਦਰਸ਼ਨ ਮਾਨਵਵਾਦੀ ਕਦਰਾਂ-ਕੀਮਤਾਂ ਦੀ ਪੁਨਰ-ਸੁਰਜੀਤੀ ਅਤੇ ਸਥਾਪਤੀ ਲਈ ਰੋਲ ਮਾਡਲ ਵਜੋਂ ਸਾਡੀ ਅਗਵਾਈ ਕਰ ਸਕਦਾ ਹੈ। ਆਪ ਜਦੋਂ ਇਹ ਕਹਿੰਦੇ ਹਨ ਕਿ 'ਐਸਾ ਚਾਹੂੰ ਰਾਜ ਮੈਂ' ਤਾਂ ਸਪਸ਼ਟ ਤੌਰ 'ਤੇ ਰਾਜਨੀਤਿਕ ਪਰਿਵਰਤਨ ਦੀ ਗੱਲ ਕਰਦੇ ਹਨ, ਸਮਾਜਿਕ ਨਿਆਂ 'ਤੇ ਬਲ ਦਿੰਦੇ ਹਨ, 'ਜਹਾਂ ਮਿਲੇ ਸਬਨ ਕੋ ਅੰਨ' ਅਤੇ ਜਿੱਥੇ 'ਛੋਟ ਬੜੋ ਸਭ ਸਮ ਬਸੈ' ਅਰਥਾਤ ਜਿੱਥੇ ਸਮਾਨਤਾ ਅਤੇ ਸੁਤੰਤਰਤਾ ਹੋਵੇ, ਭੁੱਖਮਰੀ ਨਾ ਹੋਵੇ, ਲੋਕ



ਫੁਟਪਾਥਾਂ 'ਤੇ ਰਹਿਣ ਤੇ ਸੌਣ ਲਈ ਮਜਬੂਰ ਨਾ ਹੋਣ। ਅਖੌਤੀ ਅਛੂਤ/ਸ਼ੂਦਰ ਪਰਾਧੀਨ ਕਿਉਂ ਹਨ? ਕਿਉਂਕਿ 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਹੋ ਗਿਆ ਹੈ।ਸਮਾਜਿਕ ਸਮਾਨਤਾ ਅਤੇ ਸੁਤੰਤਰਤਾ ਕਿਉਂ ਪ੍ਰਾਪਤ ਨਹੀਂ, ਕਿਉਂਕਿ ਸ਼ਹਿਦ ਦੀਆਂ ਮੱਖੀਆਂ ਵਾਂਗ ਆਪਸੀ ਏਕਤਾ ਨਹੀਂ ਹੈ। ਇਕੱਲੇ ਇਕੱਲੇ ਸਮਾਜ ਲਈ ਕੁਝ ਪ੍ਰਾਪਤ ਨਹੀਂ ਕਰ ਸਕਦੇ, ਏਕੇ ਦੀ ਲੜੀ ਵਿਚ ਪ੍ਰੋਏ ਜਾਣ ਲਈ ਤਿਆਰ ਨਹੀਂ, ਚੌਧਰਾਂ ਖੁਸਦੀਆਂ ਹਨ, ਨਿੱਜੀ ਹਿੱਤ ਪੂਰੇ ਨਹੀਂ ਹੁੰਦੇ। ਇਹ ਸਾਰੇ ਮਸਲੇ ਪ੍ਰਸਪਰ ਸਬੰਧਤ ਹਨ। ਇਨ੍ਹਾਂ ਨੂੰ ਆਪਸ ਵਿਚ ਜੋੜ ਕੇ, ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਉਪਰ ਅਮਲ ਕਰਕੇ, ਜ਼ਿੰਦਗੀ ਵਿਚ ਵਿਵਹਾਰਿਕ ਰੂਪ ਵਿਚ ਅਪਣਾ ਕੇ ਸਮਾਜ ਲਈ ਕੁਝ ਸਾਰਥਕ ਪਰਿਣਾਮ ਪ੍ਰਾਪਤ ਕੀਤੇ ਜਾ ਸਕਦੇ ਹਨ।



ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223

ਨਿਰਸੰਦੇਹ ਪੰਜਾਬ, ਵਿਸ਼ੇਸ਼ ਤੌਰ 'ਤੇ ਦੁਆਬੇ ਦੇ ਆਦਿ ਧਰਮੀਆਂ, ਰਵਿਦਾਸੀਆਂ ਵਿਚ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਸੰਦਰਭ ਵਿਚ ਬੇਮਿਸਾਲ ਚੇਤਨਾ ਪੈਦਾ ਹੋਈ ਹੈ। ਪਿਛਲੇ ਕੁਝ ਦਹਾਕਿਆਂ ਤੋਂ ਗੁਰੂ ਜੀ ਦੇ ਆਗਮਨ ਪੁਰਬ ਨੂੰ ਬੇਹੱਦ ਸ਼ਰਧਾ, ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਦੇ ਪ੍ਰਕਾਸ਼ ਉਤਸਵ ਸਬੰਧੀ ਪੈਦਾ ਹੋਏ ਇਸ ਅਨੁਪਮ ਤੇ ਅਨੋਖੇ ਉਤਸ਼ਾਹ ਅਤੇ ਜਜ਼ਬੇ ਦੀ ਧਾਰਾ ਦੀ ਦਿਸ਼ਾ ਨੂੰ ਹੋਰ ਵਧੇਰੇ ਉਸਾਰੂ ਉਦੇਸ਼ਾਂ ਦੀ ਪੂਰਤੀ ਵੱਲ ਪਰਿਵਰਤਿਤ ਕਰਨਾ ਚਾਹੀਦਾ ਹੈ। ਸਮਾਜਿਕ ਵਿਕਾਸ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਲਈ ਇੱਥੇ ਕੁਝ ਸੁਝਾਅ ਪ੍ਰਸਤੁਤ ਹਨ, ਆਸ ਹੈ ਸਮਾਜਿਕ ਚਿੰਤਕਾਂ ਵੱਲੋਂ ਇਨ੍ਹਾਂ ਉਪਰ ਗੰਭੀਰ ਵਿਚਾਰ-ਚਰਚਾ ਕੀਤੀ ਜਾਵੇਗੀ। ਜੇਕਰ ਇਹ ਸੁਝਾਅ ਅਰਥ-ਭਰਪੂਰ ਹੋਣ ਤਾਂ ਇਨ੍ਹਾਂ ਵਿਚ ਥੋੜ੍ਹੇ-ਬਹੁਤ ਫੇਰਬਦਲ, ਪਰਿਵਰਤਨ ਜਾਂ ਸੋਧ ਕਰਕੇ ਭਵਿੱਖ ਵਿਚ ਇਨ੍ਹਾਂ ਉਪਰ ਅਮਲ ਕਰਨ ਜਾਂ ਕਰਵਾਉਣ ਦੇ ਯਤਨ ਵੀ ਕੀਤੇ ਜਾ ਸਕਦੇ ਹਨ।

### ਆਗਮਨ ਪੁਰਬ 'ਤੇ ਪ੍ਰਭਾਤ ਫੇਰੀਆਂ

ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਤੇ ਦੇਸ਼ ਅਤੇ ਵਿਦੇਸ਼ ਵਿਚ ਵਸਦੇ ਗੁਰੂ ਜੀ ਦੇ ਸਮੁੱਚੇ ਸ਼ਰਧਾਲੂਆਂ ਵਿਚ ਵਿਸ਼ੇਸ਼ ਜੋਸ਼, ਉਤਸ਼ਾਹ ਤੇ ਉਮਾਹ ਹੁੰਦਾ ਹੈ। ਗੁਰਪੁਰਬ ਤੋਂ ਤਿੰਨ-ਚਾਰ ਹਫਤੇ ਪਹਿਲਾਂ ਹੀ ਇਸ ਵਿਸ਼ੇਸ਼ ਦਿਨ ਨੂੰ ਸ਼ਾਨੋ-ਸ਼ੌਕਤ ਨਾਲ ਮਨਾਉਣ ਲਈ ਗੁਰੂ ਰਵਿਦਾਸ ਧਰਮ-ਅਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾਵਾਂ ਵੱਲੋਂ ਪ੍ਰੋਗਰਾਮ ਉਲੀਕਣ ਲਈ ਜ਼ੋਰ-ਸ਼ੋਰ ਨਾਲ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਹਰ ਪਿੰਡ, ਕਸਬੇ ਅਤੇ ਸ਼ਹਿਰਾਂ ਦੇ ਬਹੁਗਿਣਤੀ ਵਿਚ ਵਸਦੇ ਸ਼ਰਧਾਲੂਆਂ ਦੇ ਮੁਹੱਲਿਆਂ ਵਿਚ ਤਿੰਨ-ਚਾਰ ਹਫਤੇ ਪਹਿਲਾਂ ਹੀ ਪ੍ਰਭਾਤ ਫੇਰੀਆਂ ਅਥਵਾ ਚੇਤਨਾ ਮਾਰਚ ਦਾ ਸਿਲਸਿਲਾ ਆਰੰਭ ਹੋ ਜਾਂਦਾ ਹੈ, ਜਿਸ ਵਿਚ ਭਾਰੀ ਗਿਣਤੀ ਵਿਚ ਸ਼ਰਧਾਲੂ ਸ਼ਾਮਲ ਹੁੰਦੇ ਹਨ। ਪ੍ਰਭਾਤ ਫੇਰੀ ਵਿਚ ਸ਼ਾਮਲ ਸੰਗਤ ਦੀ ਚਾਹ-ਪਕੌੜਿਆਂ, ਬਦਾਨੇ ਅਤੇ ਲੱਡੂਆਂ ਦੇ ਲੰਗਰ ਦੁਆਰਾ ਸੇਵਾ ਕੀਤੀ ਜਾਂਦੀ ਹੈ। ਇਹ ਚੰਗੀ ਗੱਲ ਹੈ ਕਿਉਂਕਿ ਸਰਦੀ ਦੇ ਮੌਸਮ ਵਿਚ ਸੰਗਤ ਦੀ ਏਨੀ ਕੁ ਸੇਵਾ ਕਰਨੀ ਤਾਂ ਬਣਦੀ ਹੀ ਹੈ। ਪਰ ਕਈ ਵਾਰ ਸੇਵਾ-ਭਾਵਨਾ ਵਾਲੇ ਪਰਿਵਾਰ ਇੰਨੇ ਜ਼ਿਆਦਾ ਹੁੰਦੇ ਹਨ ਕਿ ਇੱਕੋ ਫੇਰੀ ਵਿਚ ਤਿੰਨ-ਚਾਰ ਵਾਰ ਇਹ ਕਿਰਿਆ ਦੁਹਰਾ ਹੋ ਜਾਂਦੀ ਹੈ।

ਇਸ ਸਬੰਧੀ ਮੇਰਾ ਸੁਝਾਅ ਹੈ ਕਿ ਆਰਥਿਕ ਤੌਰ ਤੇ ਸੰਪੰਨ ਜਿਹਨਾਂ ਪਰਿਵਾਰਾਂ ਨੇ ਇਹ ਸੇਵਾ ਲੈਣੀ ਹੈ, ਉਨ੍ਹਾਂ ਦੀਆਂ ਲਿਸਟਾਂ ਪਹਿਲਾਂ ਹੀ ਤਿਆਰ ਕਰ ਲਈਆਂ ਜਾਣ ਅਤੇ ਪ੍ਰਬੰਧਕ ਕਮੇਟੀਆਂ ਉਹਨਾਂ ਪਰਿਵਾਰਾਂ ਤੋਂ ਅਨੁਮਾਨਿਤ ਖਰਚ 'ਤੇ ਆਧਾਰਿਤ ਦਾਨ-ਭੇਟਾ ਪ੍ਰਾਪਤ ਕਰ ਲੈਣ। ਨਿਸ਼ਚਿਤ ਦਿਨ ਤੇ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਉਹਨਾਂ ਪਰਿਵਾਰਾਂ ਵੱਲੋਂ ਸਾਂਝੇ ਤੌਰ 'ਤੇ ਪ੍ਰਤੀ ਦਿਨ ਪ੍ਰਭਾਤ ਫੇਰੀ ਦੇ ਆਰੰਭ ਅਤੇ ਸਮਾਪਤੀ ਤੇ ਗੁਰੂ ਘਰ ਵਿਚ ਹੀ ਚਾਹ-ਪਾਣੀ ਦੇ ਲੰਗਰ ਲਗਾਏ ਜਾ ਸਕਦੇ ਹਨ। ਇਸ ਤਰ੍ਹਾਂ ਸਮੇਂ ਅਤੇ ਪੈਸੇ ਦੀ ਬੱਚਤ ਵੀ ਹੋ ਸਕੇਗੀ ਅਤੇ ਵਾਰ-ਵਾਰ ਚਾਹ ਪੀਣ ਤੋਂ ਬਚਿਆ ਜਾ ਸਕਦਾ ਹੈ। ਬਚਾਏ ਹੋਏ ਸਮੇਂ ਨੂੰ ਪ੍ਰਭਾਤ ਫੇਰੀ ਸਮੇਂ ਦੋ ਤਿੰਨ ਪੜਾਵਾਂ ਤੇ ਗੁਰੂ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਸਬੰਧੀ ਪ੍ਰਸਤੁਤ ਕਵਿਤਾਵਾਂ, ਭਾਸ਼ਣਾਂ ਅਤੇ ਸ਼ਬਦ-ਗਾਇਨ ਨਾਲ ਸ਼ਿੰਗਾਰਿਆ ਜਾ ਸਕਦਾ ਹੈ, ਜਦਕਿ ਬਚਾਏ ਹੋਏ ਪੈਸੇ ਨੂੰ ਹੋਰ ਕਲਿਆਣਕਾਰੀ ਕਾਰਜਾਂ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

### ਗੁਰੂ ਜੀ ਦੀ ਵਿਚਾਰਧਾਰਾ ਸਬੰਧੀ ਪ੍ਰਕਾਸ਼ਨਾਂ

ਸਤਿਗੁਰੂ ਰਵਿਦਾਸ ਜੀ ਦੇ ਜੀਵਨ-ਸੰਘਰਸ਼ ਅਤੇ ਜੀਵਨ-ਫ਼ਲਸਫ਼ੇ ਸਬੰਧੀ 16, 32 ਜਾਂ 48 ਪੰਨਿਆਂ ਵਿਚ ਕਿਤਾਬਚੇ ਜਾਂ ਬੁਕਲਿਟਾਂ ਪ੍ਰਕਾਸ਼ਿਤ ਕੀਤੀਆਂ ਜਾ ਸਕਦੀਆਂ ਹਨ। ਨਵੀਂ ਪੀੜ੍ਹੀ, ਵਿਦਿਆਰਥੀ ਵਰਗ ਅਤੇ ਨੌਜਵਾਨਾਂ ਵਿਚ ਗੁਰੂ-ਆਸ਼ੇ ਪ੍ਰਤੀ ਚੇਤਨਾ ਪੈਦਾ ਕਰਨ ਲਈ ਅਜਿਹੇ ਪ੍ਰਕਾਸ਼ਨ ਮਹੱਤਵਪੂਰਨ ਸਾਧਨ ਸ੍ਰੋਤ ਸਾਬਤ ਹੋ ਸਕਦੇ ਹਨ। ਪ੍ਰਕਾਸ਼ਨਾਂ ਲਈ ਮੁਹੱਲੇ ਜਾਂ ਪਿੰਡ ਪੱਧਰ ਤੇ ਕਮੇਟੀ ਦਾ ਗਠਨ ਕੀਤਾ ਜਾ ਸਕਦਾ ਹੈ। ਪੰਜ-ਦਸ ਪਿੰਡਾਂ ਦੀ ਸਾਂਝੀ ਕਮੇਟੀ ਜਾਂ ਬਲਾਕ ਪੱਧਰ 'ਤੇ ਤਾਲਮੇਲ ਕਮੇਟੀ ਵੀ ਬਣਾਈ ਜਾ ਸਕਦੀ ਹੈ। ਇਸ ਨਾਲ ਆਪਸੀ ਸਹਿਯੋਗ ਵੀ ਵਧੇਗਾ ਅਤੇ ਬੁਕਲਿਟ ਜਾਂ ਕਿਤਾਬਚਾ ਵੱਡੀ ਗਿਣਤੀ ਵਿਚ ਪ੍ਰਕਾਸ਼ਿਤ ਹੋਣ ਤੇ ਖਰਚਾ ਵੀ ਘੱਟ ਆਏਗਾ। ਇਹ ਪ੍ਰਕਾਸ਼ਿਤ ਪੁਸਤਕ ਬਿਨਾਂ ਲਾਭ-ਹਾਨੀ ਤੋਂ ਨਾਮਾਤਰ ਕੀਮਤ ਤੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਮੁਹੱਈਆ ਕਰਵਾਈ ਜਾ ਸਕਦੀ ਹੈ। ਪ੍ਰਭਾਤ ਫੇਰੀ ਸਮੇਂ ਵੱਖੋ-ਵੱਖਰੇ ਪੜਾਵਾਂ ਤੇ ਇਸ ਵਿਚੋਂ ਨੌਜਵਾਨ ਲੜਕੀਆਂ-ਲੜਕੇ ਪੰਜ-ਸੱਤ ਮਿੰਟ ਦਾ ਭਾਸ਼ਣ ਵੀ ਪ੍ਰਸਤੁਤ ਕਰ ਸਕਦੇ ਹਨ।

### ਗੁਰੂ ਆਸ਼ੇ ਸਬੰਧੀ ਕਵਿਤਾ/ਭਾਸ਼ਣ ਮੁਕਾਬਲੇ

ਗੁਰੂ ਜੀ ਦੀ ਲੋਕ ਕਲਿਆਣਕਾਰੀ ਵਿਚਾਰਧਾਰਾ 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਦੇ ਆਸ਼ੇ ਨੂੰ ਲੈ ਕੇ 'ਸਤਸੰਗਤਿ ਮਿਲਿ ਰਹੀਐ ਮਾਧਉ' ਦੇ ਆਦਰਸ਼ ਦੀ ਸਥਾਪਤੀ ਅਤੇ 'ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਬਨ ਕੋ ਅੰਨ' ਅਰਥਾਤ ਆਰਥਿਕ ਸੰਪਨਤਾ ਵਾਲੀ ਵਿਵਸਥਾ ਦੀ ਸਿਰਜਣਾ ਲਈ, ਜਿੱਥੇ 'ਛੋਟ ਬੜੋ ਸਭ ਸਮ ਬਸੈਂ' ਅਤੇ 'ਪਰਾਧੀਨਤਾ ਪਾਪ ਹੈ' ਦੇ ਭਾਵ ਤੋਂ ਮੁਕਤ ਹੋਣ, ਚੇਤਨਾ ਪੈਦਾ ਕਰਨ ਅਤੇ ਸਮਾਨਤਾ, ਸੁਤੰਤਰਤਾ ਤੇ ਭਾਈਚਾਰਕ ਸਮਾਜ ਸਿਰਜਣ ਦੀ ਪੂਰਤੀ ਲਈ ਗੁਰੂ ਜੀ ਦੇ ਆਗਮਨ ਪੁਰਬ ਤੋਂ ਘੱਟੋ-ਘੱਟ ਇਕ ਦੋ ਹਫਤੇ ਪਹਿਲਾਂ ਗੁਰੂ-ਬਾਣੀ ਦੇ ਮਹਾਂਵਾਕਾਂ ਦੇ ਸਿਰਲੇਖਾਂ ਅਧੀਨ ਸਕੂਲਾਂ-ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਵਿਚਕਾਰ ਉਮਰ ਦੇ ਗਰੁੱਪ ਅਨੁਸਾਰ ਕਵਿਤਾ, ਭਾਸ਼ਣ ਅਤੇ ਸ਼ਬਦ ਗਾਇਨ ਮੁਕਾਬਲੇ ਵੀ ਕਰਵਾਏ ਜਾ ਸਕਦੇ ਹਨ।

ਪ੍ਰਕਾਸ਼ਿਤ ਪੁਸਤਕ ਦੇ ਆਧਾਰ ਤੇ ਵੱਖੋ-ਵੱਖਰੇ ਉਮਰ ਗਰੁੱਪ ਦੇ ਵਿਦਿਆਰਥੀਆਂ ਦੀ ਪ੍ਰੀਖਿਆ ਲੈ ਕੇ ਉਨ੍ਹਾਂ ਨੂੰ ਗੁਰਪੁਰਬ ਸਮਾਗਮਾਂ ਤੇ ਸਨਮਾਨਿਤ ਕੀਤਾ ਜਾ ਸਕਦਾ ਹੈ। ਅਜਿਹੇ ਵਿਦਿਆਰਥੀ ਮੁਕਾਬਲੇ ਕਰਵਾਉਣ ਨਾਲ ਦੋ ਪ੍ਰਮੁੱਖ ਲਾਭ ਹੋਣਗੇ, ਪਹਿਲਾ ਵਿਦਿਆਰਥੀ ਕਵਿਤਾ, ਭਾਸ਼ਣ ਤਿਆਰ ਕਰਦਿਆਂ ਗੁਰੂ ਜੀ ਦੀ ਵਿਚਾਰਧਾਰਾ ਪ੍ਰਤੀ ਜਾਗ੍ਰਿਤ ਹੋਣਗੇ ਅਤੇ ਦੂਸਰਾ, ਸਰੋਤਿਆਂ ਤੇ ਦਰਸ਼ਕਾਂ ਵਿਚ ਇਨਕਲਾਬੀ, ਤਰਕਸ਼ੀਲ ਅਤੇ ਲੋਕ-ਕਲਿਆਣਕਾਰੀ ਗੁਰੂ ਫ਼ਲਸਫ਼ੇ ਪ੍ਰਤੀ ਚੇਤਨਾ ਪੈਦਾ ਹੋਵੇਗੀ।

### ਸ਼ੋਭਾ ਯਾਤਰਾ

ਗੁਰੂ ਜੀ ਦੇ ਆਗਮਨ ਪੁਰਬ ਤੋਂ ਇਕ ਜਾਂ ਦੋ ਦਿਨ ਪਹਿਲਾਂ ਵੱਖੋ-ਵੱਖਰੇ ਸ਼ਹਿਰਾਂ, ਕਸਬਿਆਂ, ਪਿੰਡਾਂ ਅਤੇ ਮੁਹੱਲਿਆਂ ਵਿਚ ਬੇਹੱਦ ਜੋਸ਼, ਜਜ਼ਬੇ ਅਤੇ ਉਤਸ਼ਾਹ ਨਾਲ ਸ਼ੋਭਾ ਯਾਤਰਾਵਾਂ, ਨਗਰ ਕੀਰਤਨ ਅਤੇ ਚੇਤਨਾ ਮਾਰਚ ਆਯੋਜਿਤ ਕੀਤੇ ਜਾਂਦੇ ਹਨ। ਸਤਿਗੁਰੂ ਰਵਿਦਾਸ ਜੀ ਪ੍ਰਤੀ ਸੱਚੀ, ਸੁੱਚੀ ਸ਼ਰਧਾ, ਸਮਾਜ ਦੀ ਏਕਤਾ, ਸੂਝ-ਸਮਝ, ਸ਼ਕਤੀ ਅਤੇ ਚੇਤਨਾ ਦਾ ਪ੍ਰਗਟਾਵਾ ਇਨ੍ਹਾਂ ਸ਼ੋਭਾ ਯਾਤਰਾਵਾਂ ਦਾ ਪ੍ਰਮੁੱਖ ਉਦੇਸ਼ ਹੈ। ਸਮਾਜ ਦੀ ਸਿਆਣਪ ਅਤੇ ਅਨੁਸ਼ਾਸਨ ਦਾ ਇਹ ਪ੍ਰਗਟਾਵਾ ਦੂਸਰੇ ਸਮਾਜਾਂ ਅੱਗੇ ਹੁੰਦਾ ਹੈ। ਇਸ ਲਈ ਸਾਲ ਬਾਅਦ, ਆਗਮਨ ਪੁਰਬ ਤੇ ਸ਼ੋਭਾ ਯਾਤਰਾ ਦਾ ਆਯੋਜਨ ਪ੍ਰਭਾਵਸ਼ਾਲੀ ਅਤੇ ਅਨੁਸ਼ਾਸਨ-ਬੱਧ ਹੋਣਾ ਜ਼ਰੂਰੀ ਹੈ। ਸ਼ੋਭਾ ਯਾਤਰਾ ਵਿਚ ਪ੍ਰਸਤੁਤ ਝਾਕੀਆਂ ਪ੍ਰਚੱਲਿਤ ਮਿੱਥਾਂ ਨਾਲੋਂ ਵੱਧ ਸਤਿਗੁਰੂ ਜੀ ਦੇ ਜੀਵਨ-ਫ਼ਲਸਫ਼ੇ ਨਾਲ ਸਬੰਧਿਤ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਗੁਰੂ ਆਸ਼ੇ ਦਾ ਸੰਦੇਸ਼ ਸ਼ੋਭਾ ਯਾਤਰਾ ਵਿਚ ਸ਼ਾਮਲ ਸ਼ਰਧਾਲੂਆਂ ਤੋਂ ਇਲਾਵਾ ਦੂਸਰੇ ਸਮਾਜਾਂ ਤੱਕ ਵੀ ਪਹੁੰਚੇ।

ਸ਼ੋਭਾ ਯਾਤਰਾ ਤੇ ਲਾਏ ਜਾਂਦੇ ਨਾਅਰੇ, ਜੈਕਾਰੇ ਪਹਿਲਾਂ ਹੀ ਨਿਸ਼ਚਿਤ ਕਰ ਲਏ ਜਾਣੇ ਚਾਹੀਦੇ ਹਨ। ਪ੍ਰਾਚੀਨ ਪ੍ਰਚੱਲਿਤ 'ਐਧਰ ਕੌਣ? ਔਧਰ ਕੌਣ? ਉਪਰ ਕੌਣ?- ਜੈ ਰਵਿਦਾਸ' ਵਰਗੇ ਨਾਅਰਿਆਂ ਨੂੰ ਪਰਿਵਰਤਿਤ ਕਰਨਾ ਚਾਹੀਦਾ ਹੈ। ਇਹ ਨਾਅਰੇ ਸਤਿਗੁਰੂ ਜੀ ਦੀ ਸ਼ੋਭਾ ਨੂੰ ਮਹਾਨ ਨਹੀਂ ਬਣਾਉਂਦੇ, ਸਗੋਂ ਸ਼ੋਭਾ ਯਾਤਰਾ ਨੂੰ ਦੇਖਣ ਵਾਲੇ 'ਦੂਸਰੇ ਲੋਕ' ਅਜਿਹੀ ਭਾਸ਼ਾ ਦਾ ਮਜ਼ਾਕ ਉਡਾਉਂਦੇ ਹਨ। ਚੰਗਾ ਹੋਵੇ ਜੇ ਗੁਰੂ-ਬਾਣੀ ਆਧਾਰਿਤ ਸ਼ਬਦਾਂ ਦਾ ਗਾਇਨ ਹੋਵੇ ਜਾਂ ਗੁਰੂ ਜੀ ਦੀ ਵਿਚਾਰਧਾਰਾ ਨਾਲ ਸਬੰਧਤ ਅੱਛੇ ਪ੍ਰਚਲਿਤ ਗੀਤ ਗਾਏ, ਵਜਾਏ ਜਾਣ ਦਾ ਪ੍ਰਬੰਧ ਹੋਵੇ।

ਸ਼ੋਭਾ ਯਾਤਰਾ ਵਿਚ ਸ਼ਾਮਲ ਸ਼ਰਧਾਲੂਆਂ ਨੂੰ ਨਸ਼ਿਆਂ ਦੀ ਵਰਤੋਂ ਤੋਂ ਪਰਹੇਜ਼ ਕਰਨਾ ਬਹੁਤ ਜ਼ਰੂਰੀ ਹੈ। ਆਪਣੀ ਅੰਮ੍ਰਿਤਬਾਣੀ ਵਿਚ 'ਸੁਰਸਰੀ ਸਲਲ ਕ੍ਰਿਤ ਬਾਰਨੀ ਰੇ, ਸੰਤ ਜਨ ਕਰਤ ਨਹੀ ਪਾਨੰ' ਅਤੇ 'ਸੁਰਾ ਅਪਵਿਤ੍ਰ' ਕਹਿ ਕੇ ਗੁਰੂ ਜੀ ਨੇ ਸ਼ਰਾਬ ਦੇ ਇਸਤੇਮਾਲ ਦਾ ਪੁਰਜ਼ੋਰ ਵਿਰੋਧ ਕੀਤਾ ਹੈ। ਇਸ ਲਈ ਨਸ਼ੇ ਦਾ ਸੇਵਨ ਕਰਕੇ ਸ਼ੋਭਾ ਯਾਤਰਾ ਵਿਚ ਹਰਗਿਜ਼ ਸ਼ਾਮਲ ਨਹੀਂ ਹੋਣਾ ਚਾਹੀਦਾ। ਸਾਫ ਸੁਥਰੇ ਕੱਪੜੇ ਪਹਿਨ ਕੇ, ਜਿੰਮੇਵਾਰ ਨਾਗਰਿਕਾਂ ਤੇ ਸ਼ਰਧਾਲੂਆਂ ਵਾਂਗ ਸ਼ੋਭਾ ਯਾਤਰਾ ਵਿਚ ਸ਼ਾਮਲ ਹੋ ਕੇ ਗੁਰੂ ਜੀ ਪ੍ਰਤੀ ਸੱਚੀ, ਸੁੱਚੀ ਸ਼ਰਧਾ ਅਤੇ ਸੋਚ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ।

### ਪ੍ਰਕਾਸ਼ ਉਤਸਵ ਦਿਨ

ਆਗਮਨ ਪੁਰਬ ਵਾਲੇ ਦਿਨ ਸਤਿਗੁਰੂ ਰਵਿਦਾਸ ਜੀ ਨਾਲ ਸਬੰਧਤ ਧਰਮ-ਅਸਥਾਨਾਂ ਤੇ ਪਵਿੱਤਰ ਗੁਰੂ-ਬਾਣੀ ਦੇ ਪਾਠਾਂ ਦੇ ਭੋਗ ਪਾਏ ਜਾਂਦੇ ਹਨ, ਸ਼ਬਦ ਕੀਰਤਨ ਅਤੇ ਕਥਾਵਾਂ ਦੇ ਪ੍ਰਵਾਹ ਚਲਦੇ ਹਨ। ਇਸ ਮੌਕੇ ਤੇ ਵੀ ਗੈਰ-ਵਿਗਿਆਨਕ ਮਿੱਥ ਕਹਾਣੀਆਂ ਨਾਲੋਂ ਗੁਰੂ ਜੀ ਦੁਆਰਾ ਉਚਾਰੇ ਸ਼ਬਦਾਂ ਦੀ ਵਿਆਖਿਆ ਦੁਆਰਾ ਗੁਰੂ-ਆਸ਼ੇ ਨੂੰ ਅਜੋਕੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਪ੍ਰਸਤੁਤ ਕਰਨਾ ਚਾਹੀਦਾ ਹੈ। ਆਪ ਜੀ ਦੀ ਬਾਣੀ-ਵਿਚਾਰਧਾਰਾ ਤੋਂ ਸਾਨੂੰ ਸਾਰਿਆਂ ਨੂੰ ਕੀ ਸੇਧ ਮਿਲਦੀ ਹੈ, ਇਸ ਨੂੰ ਜ਼ਿੰਦਗੀ ਵਿਚ ਵਿਵਹਾਰਕ ਰੂਪ ਵਿਚ ਧਾਰਨ ਕਰਕੇ, ਕਿਵੇਂ ਅਸੀਂ ਆਪਣੇ ਜੀਵਨ ਦੇ ਹਾਲਾਤ ਨੂੰ ਬਦਲਣ ਦੇ ਸਮਰੱਥ ਹੋ ਸਕਦੇ ਹਾਂ ਅਤੇ ਗੁਰੂ ਜੀ ਦੀ ਇਨਕਲਾਬੀ ਵਿਚਾਰਧਾਰਾ ਤੇ ਉਹਨਾਂ ਦੇ ਜੀਵਨ ਸੰਘਰਸ਼ ਤੋਂ ਪ੍ਰੇਰਨਾ ਲੈ ਕੇ, ਕਿਵੇਂ ਅਸੀਂ ਦੇਸ਼ ਦੇ ਹੁਕਮਰਾਨ ਬਣਨ ਦੇ ਯੋਗ ਹੋ ਸਕਦੇ, ਆਦਿ ਵਿਸ਼ਿਆਂ 'ਤੇ ਗੁਰੂ ਰਵਿਦਾਸ ਬਾਣੀ ਤੇ ਆਧਾਰਿਤ ਵਿਚਾਰ ਚਰਚਾ ਹੋ ਸਕਦੀ ਹੈ।

ਇਸੇ ਵਿਚਾਰਧਾਰਾ ਨੂੰ ਅੱਗੇ ਵਧਾਉਂਦਿਆਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਸੀ ਕਿ ਸਾਨੂੰ ਆਪਣੇ ਘਰਾਂ ਦੀਆਂ ਦੀਵਾਰਾਂ ਤੇ ਲਿਖਣਾ ਚਾਹੀਦੈ ਕਿ ਅਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।

(ਬਾਕੀ ਅਗਲੇ ਸਫੇ 'ਤੇ)

# ਆਗਮਨ ਪੁਰਬ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ

(ਸਫਾ 9 ਦੀ ਬਾਕੀ)

ਇਸ ਅਵਸਰ ਤੇ ਕਵਿਤਾ, ਭਾਸ਼ਣ, ਸ਼ਬਦ ਗਾਇਨ ਦੇ ਮੁਕਾਬਲਿਆਂ ਅਤੇ ਸਕੂਲਾਂ, ਕਾਲਜਾਂ ਵਿਚੋਂ ਚੰਗੀਆਂ ਪੁਜੀਸ਼ਨਾਂ ਲੈਣ ਵਾਲੇ ਪ੍ਰਤੀਯੋਗੀਆਂ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਜਾ ਸਕਦਾ ਹੈ।

**ਆਗਮਨ ਪੁਰਬ ਸਮਾਗਮ ਅਤੇ ਮਹਿੰਗੇ ਕਲਾਕਾਰ**

ਆਗਮਨ ਪੁਰਬ ਤੇ ਆਯੋਜਿਤ ਕੀਤੇ ਜਾਂਦੇ ਸਮਾਗਮਾਂ ਤੇ ਪ੍ਰਬੰਧਕ ਕਮੇਟੀਆਂ ਆਪਣੀ ਯਥਾਯੋਗ ਸਮਰੱਥਾ ਅਨੁਸਾਰ ਵੱਡੇ ਕਲਾਕਾਰਾਂ, ਗਾਇਕਾਂ ਅਤੇ ਸ਼ਬਦ ਗਾਇਨ ਨਾਲ ਸਬੰਧਤ ਵੱਡੇ ਕੀਰਤਨੀ ਜਥਿਆਂ ਨੂੰ ਸ਼ਰਧਾ ਅਤੇ ਸਤਿਕਾਰ ਸਹਿਤ ਬੁਲਾਉਂਦੀਆਂ ਹਨ। ਸੁਣਨ ਵਿਚ ਆਇਆ ਹੈ ਕਿ ਇਨ੍ਹਾਂ ਵੱਡੇ ਕਲਾਕਾਰਾਂ ਨੂੰ ਇਕ ਲੱਖ ਤੋਂ ਢਾਈ ਲੱਖ ਤੱਕ ਸੇਵਾ ਫਲ ਦੇਣਾ ਪੈਂਦਾ ਹੈ। ਮੇਰਾ ਸੁਝਾਅ ਹੈ ਕਿ ਇਸ ਖਰਚੇ ਨੂੰ ਵੀ ਘਟਾਉਣਾ ਚਾਹੀਦਾ ਹੈ। ਕੇਵਲ ਇਕ ਦਿਨ ਦੇ ਦਿਖਾਵੇ ਅਤੇ ਫੋਕੀ ਵਾਹਵਾ-ਵਾਹਵਾ ਖੱਟਣ ਲਈ ਇਸ ਇਕ ਦਿਨ ਵਿਚ ਹੀ ਪੂਰੇ ਪੰਜਾਬ ਵਿਚ ਕਰੋੜਾਂ ਰੁਪਏ ਅਜਾਈਂ ਚਲੇ ਜਾਂਦੇ ਹਨ। ਇਥੇ ਵੀ ਬੱਚਤ ਕੀਤੀ ਜਾ ਸਕਦੀ ਹੈ।

**ਟਿਊਸ਼ਨ ਸੈਂਟਰ, ਕੋਚਿੰਗ ਸੈਂਟਰ ਅਤੇ ਵਿਦਿਅਕ ਅਦਾਰੇ ਖੋਹਲੋ!**

ਗਰੀਬ ਅਤੇ ਪਿਛੜੇ ਸਮਾਜ ਨਾਲ ਸਬੰਧਤ ਹੋਣ ਕਾਰਨ ਸਾਨੂੰ ਆਪਣੇ ਸਮਾਜਿਕ ਟੀਚੇ ਤੇ ਨਿਸ਼ਾਨੇ ਨਿਸ਼ਚਿਤ ਕਰਨੇ ਚਾਹੀਦੇ ਹਨ। ਇਹ ਟੀਚੇ ਗੁਰੂ-ਆਸ਼ਿਆਂ ਮੁਤਾਬਕ ਤੈਅ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦਾ ਵਿਸਤ੍ਰਿਤ ਵਰਣਨ ਉਪਰ ਕੀਤਾ ਜਾ ਚੁੱਕਾ ਹੈ। ਸੰਤ-ਸਤਿਗੁਰੂਆਂ ਦੇ ਜੀਵਨ-ਫ਼ਲਸਫ਼ੇ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੰਘਰਸ਼ ਅਤੇ ਯਤਨਾਂ ਸਦਕਾ ਭਾਰਤੀ ਸੰਵਿਧਾਨ ਵਿਚ ਪ੍ਰਾਪਤ ਸਾਡੇ ਹੱਕਾਂ ਨੂੰ ਖੋਰਾ ਲਾਇਆ ਜਾ ਰਿਹੈ। ਨਿੱਜੀ ਖੇਤਰ ਵਿਚ ਸਥਾਪਿਤ ਸਕੂਲਾਂ, ਕਾਲਜਾਂ ਨੂੰ ਹਰ ਪ੍ਰਕਾਰ ਦੀ ਪੂਰੀ ਖੁੱਲ੍ਹ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਨੂੰ ਖਤਮ ਕਰਕੇ ਸਾਡੇ ਸਮਾਜ ਨੂੰ ਵਿਦਿਆ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ। ਸਰਕਾਰੀ ਸਕੂਲਾਂ ਵਿਚ ਸਟਾਫ ਦੀ ਕਮੀ, ਸਟਾਫ ਨੂੰ ਵਿਦਿਅਕ ਕਾਰਜਾਂ ਤੋਂ ਲਾਂਭੇ ਕਰਕੇ ਦੂਸਰੇ ਕੰਮਾਂ ਵਿਚ ਮਸਰੂਫ ਕਰਕੇ ਅਤੇ ਬੁਨਿਆਦੀ ਢਾਂਚੇ ਨੂੰ ਖਤਮ ਕਰਕੇ ਵਿਦਿਅਕ ਮਿਆਰ ਗਿਰਾਇਆ ਜਾ ਰਿਹੈ। ਬੇਸ਼ੱਕ ਸਰਕਾਰੀ ਸਕੂਲਾਂ, ਕਾਲਜਾਂ ਦੇ ਡਿਗ ਰਹੇ ਵਿਦਿਅਕ ਮਿਆਰ ਬਾਰੇ ਇੱਥੇ ਚਰਚਾ ਕਰਨਾ ਸਾਡਾ ਮਕਸਦ ਨਹੀਂ ਹੈ, ਪਰ ਸਿੱਖਿਆ-ਤੰਤਰ ਦਾ ਸਿੱਧਾ ਸਬੰਧ ਸਾਡੀ ਪ੍ਰਗਤੀ ਨਾਲ ਜੁੜਿਆ ਹੋਇਐ, ਇਸ ਲਈ ਇਸ ਬਾਰੇ ਸਾਨੂੰ ਸਾਰਿਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

ਸਾਨੂੰ ਵਿਦਿਅਕ ਅਦਾਰੇ ਸਥਾਪਿਤ ਕਰਨੇ ਚਾਹੀਦੇ ਹਨ। ਪਰ ਪੈਸਾ ਕਿੱਥੋਂ ਆਏਗਾ? ਉਪਰ ਸੁਝਾਅ ਦਿੱਤਾ ਗਿਆ ਸੀ ਕਿ ਆਪਾਂ ਪ੍ਰਭਾਤ ਫੇਰੀਆਂ ਅਤੇ ਮੁੱਖ ਸਮਾਗਮਾਂ ਵਿਚੋਂ ਪੈਸਾ ਬਚਾਈਏ। ਬੇਸ਼ੱਕ ਇਹ ਸੁਝਾਅ ਬਹੁਤ ਸਧਾਰਨ ਤੇ ਮਾਮੂਲੀ ਜਿਹਾ ਲੱਗਦਾ ਹੈ, ਪਰ ਜੇਕਰ ਗੰਭੀਰਤਾ ਅਤੇ ਗਹਿਰਾਈ ਨਾਲ ਵਿਚਾਰੀਏ ਤਾਂ ਹੈਰਾਨੀਜਨਕ ਪ੍ਰਾਪਤੀ ਹੋ ਸਕਦੀ ਹੈ। ਮਿਸਾਲ ਵਜੋਂ ਪੰਜਾਬ ਵਿਚ ਬਾਰਾਂ ਹਜ਼ਾਰ ਤੋਂ ਵੱਧ ਪਿੰਡ ਹਨ, ਸ਼ਹਿਰ, ਕਸਬੇ ਤੇ ਮੁਹੱਲੇ ਇਸਤੋਂ ਵੱਖਰੇ ਹਨ। ਜੇਕਰ ਪੰਜ ਹਜ਼ਾਰ ਸਥਾਨਾਂ ਤੇ ਪ੍ਰਕਾਸ਼ ਉਤਸਵ ਮਨਾਏ ਜਾਂਦੇ ਹੋਣ, ਪ੍ਰਭਾਤ ਫੇਰੀਆਂ, ਚੇਤਨਾ ਮਾਰਚ ਦੇ ਪ੍ਰੋਗਰਾਮ ਹੁੰਦੇ ਹੋਣ ਅਤੇ ਆਪਾਂ ਹਰ ਸਮਾਗਮ 'ਚੋਂ ਪੰਜਾਹ ਹਜ਼ਾਰ ਰੁਪਏ ਵੀ ਬਚਾ ਲਈਏ ਤਾਂ 25 ਕਰੋੜ ਰੁਪਏ ਦੀ ਬਚਤ ਹੋ ਸਕਦੀ ਹੈ।

ਇਨ੍ਹਾਂ ਸਮਾਗਮਾਂ ਤੋਂ ਬਚਾਏ ਹੋਏ ਪੈਸੇ ਨਾਲ ਗੁਰੂ ਘਰਾਂ ਦੀਆਂ ਇਮਾਰਤਾਂ ਵਿਚ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਬੁਨਿਆਦ ਪੱਕੀ ਕਰਨ ਲਈ ਸ਼ਾਮ ਦੇ ਸਮੇਂ, ਦੋ ਘੰਟੇ ਲਈ ਫ੍ਰੀ ਟਿਊਸ਼ਨ ਸੈਂਟਰ ਸ਼ੁਰੂ ਕੀਤੇ ਜਾ ਸਕਦੇ ਹਨ। ਪਿੰਡ ਜਾਂ ਮੁਹੱਲੇ ਦੇ ਉਚ-ਵਿਦਿਆ ਪ੍ਰਾਪਤ ਦੋ ਤਿੰਨ ਬੇਰੁਜ਼ਗਾਰ ਨੌਜਵਾਨਾਂ ਨੂੰ ਕੁਝ ਮਿਹਨਤਾਨਾ ਦੇ ਕੇ ਇਹ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਚਾਰ, ਪੰਜ ਪਿੰਡਾਂ ਦਾ ਯੂਨਿਟ ਬਣਾ ਕੇ ਕਿਸੇ ਇਕ ਪਿੰਡ ਵਿਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਕੋਚਿੰਗ ਸੈਂਟਰ ਵੀ ਖੋਹਲੇ ਜਾ ਸਕਦੇ ਹਨ।

ਸਕੂਲ ਅਤੇ ਕਿੱਤਾ-ਮੁਖੀ ਸੰਸਥਾਵਾਂ ਖੋਲ੍ਹਣ ਅਤੇ ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਧਾਰਮਿਕ ਡੇਰੇ, ਸੇਵਾ ਮੁਕਤ ਅਧਿਕਾਰੀ, ਅਧਿਆਪਕ ਅਤੇ ਮੁਲਾਜ਼ਮ ਵਡਮੁੱਲਾ ਯੋਗਦਾਨ ਪਾ ਸਕਦੇ ਹਨ।

ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ ਸਿਰਫ਼ ਇਕ ਵਾਰੀ ਕੁਝ ਦਿਨ ਲਈ ਹੀ ਕਿਉਂ, ਇਹ ਤਾਂ ਪੂਰਾ ਸਾਲ ਹੀ ਚਲਦੇ ਰਹਿਣਾ ਚਾਹੀਦਾ ਹੈ। ਇਸ ਮੰਤਵ-ਪੂਰਤੀ ਲਈ ਹਰ ਮਹੀਨੇ ਵਿਚਾਰ-ਚਰਚਾ ਹੁੰਦੀ ਰਹਿਣੀ ਚਾਹੀਦੀ ਹੈ, ਸੈਮੀਨਾਰ ਅਤੇ ਗੋਸ਼ਟੀਆਂ ਆਯੋਜਿਤ ਕਰਕੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਹਰ ਪੱਖ ਤੇ ਵਿਚਾਰ-ਵਟਾਂਦਰਾ ਕਰਦੇ ਰਹਿਣਾ ਚਾਹੀਦਾ ਹੈ।

ਸਾਡੇ ਧਾਰਮਿਕ ਡੇਰੇ, ਉਨ੍ਹਾਂ ਦੇ ਸੰਚਾਲਕ ਅਤੇ ਗੁਰੂ-ਘਰਾਂ ਦੇ ਪ੍ਰਬੰਧਕ ਅਤੇ ਸਮਾਜ ਦਾ ਬੁੱਧੀਜੀਵੀ ਵਰਗ ਇਸ ਵਿਚ ਭਰਪੂਰ ਯੋਗਦਾਨ ਪਾ ਸਕਦੇ ਹਨ।

ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਦੇ ਇਨਕਲਾਬੀ ਅਤੇ ਮਾਨਵਵਾਦੀ ਫ਼ਲਸਫ਼ੇ ਨੂੰ ਅਮਲੀ ਤੇ ਵਿਵਹਾਰਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।




ਅਸੀਂ ਸ੍ਰੀ ਗੁਰਨਾਮ ਸਿੰਘ ਰੱਤੂ ਜੀ ਦੇ ਬਹੁਤ ਧੰਨਵਾਦੀ ਹਾਂ, ਜਿਹਨਾਂ ਕੋਲੋਂ. ਸਾਨੂੰ ਇਹ ਕਾਪੀ ਮਿਲੀ।

# "ਗੱਲਾਂ ਆਰਵ ਦੀਆਂ-ਮਹਿਕ ਵਿਰਸੇ ਦੀ"



ਕੁਲਵੰਤ ਉੱਭੀ ਧਾਲੀਆਂ
(559) 473-9264

ਅੰਤਰਰਾਸ਼ਟਰੀ ਪੰਜਾਬੀ ਸੱਭਿਆਚਾਰਕ ਸ਼ਟੇਜਾਂ ਦੀ ਸ਼ਾਨ ਆਸ਼ਾ ਸ਼ਰਮਾ ਦੇ ਦੋਹਤੇ ਆਰਵ ਨੇ ਵਧਾਇਆ ਆਪਣੇ ਨਾਨਕਿਆਂ ਦੇ ਦਾਦਕਿਆਂ ਦਾ ਮਾਣ। ਜੋ ਆਪਣੀ ਉਮਰ ਦੇ ਬੱਚਿਆਂ ਉਨਾਂ ਬੱਚਿਆਂ ਨੂੰ ਸੇਧ ਦੇਵੇਗਾ ਜੋ ਵਿਦੇਸ਼ੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਆਪਣੇ ਪੰਜਾਬੀ ਸੱਭਿਆਚਾਰ ਤੋਂ ਦੂਰ ਹੋ ਰਹੇ ਹਨ।

ਆਪਣੀ ਉੱਚ ਵਿੱਦਿਆ ਅਤੇ ਅਧਿਆਪਨ ਦੇ ਕਾਰਜ ਤੋਂ ਇਲਾਵਾ ਪਿਛਲੇ ਚਾਰ ਦਹਾਕਿਆਂ ਤੋਂ ਵਧੀਕ ਸਮਾਂ ਪੰਜਾਬੀ ਸੱਭਿਆਚਾਰਕ ਸਟੇਜਾਂ 'ਤੇ ਉੱਚਾ ਮੁਕਾਮ ਹਾਸਲ ਕਰ ਚੁੱਕੀ ਬੀਬੀ ਆਸ਼ਾ ਸ਼ਰਮਾ ਅੱਜ ਵੀ ਆਪਣੀ ਸਟੇਜ਼ ਤੋਂ ਪੇਸ਼ਕਾਰੀ ਕਰਨ ਵਿੱਚ ਸਭ ਤੋਂ ਅੱਗੇ ਹੈ। ਉਸ ਕੋਲ ਸਾਹਿੱਤਕ ਸ਼ਬਦਾਵਲੀ ਹੈ ਅਤੇ ਸਮੇਂ ਦੇ ਆਧਾਰ ਸ਼ਬਦਾ ਨੂੰ ਜੋੜਨਾ ਆਉਦਾ ਹੈ। ਉਸ ਨੂੰ ਜੇਕਰ ਪੰਜਾਬੀ ਸੱਭਿਆਚਾਰ ਦਾ ਇਨਸਾਈਕਲੋਪੀਡੀਆਂ ਕਹੀਏ ਤਾਂ ਕੋਈ ਅੱਤ ਕਥਨੀ ਨਹੀਂ ਹੋਵੇਗੀ। ਜਿੰਨਾਂ ਤੋਂ ਹਰ ਕੋਈ ਕੁਝ ਨਾ ਕੁਝ ਸਿੱਖਦਾ ਰਹੇਗਾ। ਮੈਂ ਵੀ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਪਲਾਂ ਦੀ ਸਾਂਝ ਬਣਾ, ਬਹੁਤ ਕੁਝ ਸਿੱਖਿਆ ਹੈ। ਅਕਸਰ ਹੀ ਅਸੀਂ ਉਨ੍ਹਾਂ ਨੂੰ ਵੱਡੀ ਭੈਣ ਜੀ ਕਹਿ ਸਤਿਕਾਰ ਦਿੰਦੇ ਹਾਂ।



ਆਸ਼ਾ ਸ਼ਰਮਾ ਅਤੇ ਹਰਮੋਹਨ ਸਿੰਘ ਹੈਰੀ ਹੋਰਾਂ ਦੀ ਧੀ ਸੁਕ੍ਰਿਤੀ ਅਤੇ ਜਵਾਈ ਅਭੀਨਵ ਸਿੰਘ ਪਲਾਹੀ ਦਾ ਲਾਡਲਾ ਪੁੱਤਰ ਆਰਵ ਸਿੰਘ ਜੋ ਆਪਣੀ ਨਾਨਕੇ ਸਾਹਿੱਤਕ ਸੁਰੀਲੀਆਂ ਲੋਰੀਆਂ ਅਤੇ ਸੱਭਿਆਚਾਰਕ ਗੱਲਾ ਸੁਣਦਾ ਪਲਿਆ ਹੋਵੇ ਉਹ ਕਿਸ ਤਰ੍ਹਾਂ ਘੱਟ ਰਹਿ ਸਕਦਾ ਹੈ। ਇਸ ਤੋਂ ਇਲਾਵਾ ਉਸ ਨੂੰ ਦਾਦਾ ਪੰਜਾਬੀ ਸਾਹਿੱਤਕਰ ਗੁਰਮੀਤ ਸਿੰਘ ਪਲਾਹੀ ਵਰਗਿਆਂ ਦਾਦਕਿਆਂ ਦਾ ਪਿਆਰ ਵੀ ਇਸੇ ਰੂਪ ਵਿੱਚ ਮਿਲਿਆ ਹੋਵੇ। ਉਹ ਫਿਰ ਕਿਸ ਤਰ੍ਹਾਂ ਪਿੱਛੇ ਰਹਿ ਸਕਦਾ ਹੈ। ਬੱਚਾ ਜੋ ਪਰਿਵਾਰ ਤੋਂ ਸਿੱਖਦਾ ਹੈ ਫਿਰ ਉਹ ਹੀ ਉਸ ਦੀ ਸਖਸੀਅਤ ਵਿੱਚ ਝਲਕਦਾ ਹੈ। ਇਹ ਸਾਰੇ ਗੁਣ ਛੋਟੇ ਬੱਚੇ ਆਰਵ ਵਿੱਚ ਵੇਖੇ ਜਾ ਸਕਦੇ ਹਨ। ਅਜਿਹੇ ਬੱਚੇ ਆਪਣੇ ਸਾਥੀਆਂ ਅਤੇ ਹੋਣ ਆਉਂਣ ਵਾਲੀ ਪੀੜ੍ਹੀ ਲਈ ਵੀ ਪ੍ਰੇਰਨਾ ਸਰੋਤ ਬਣਦੇ ਹਨ।



ਅੱਜ ਦੇ ਜ਼ਮਾਨੇ ਵਿੱਚ ਬੱਚੇ ਅਕਸਰ ਮਾਪਿਆਂ ਤੋਂ ਘੱਟ ਅਤੇ ਸ਼ੋਸ਼ਲ ਮੀਡੀਏ ਤੋਂ ਵੱਧ ਸਿੱਖਦੇ ਹਨ। ਪਰ ਪਰਿਵਾਰ ਦੇ ਚੰਗੇ ਪਾਲਣ ਪੋਸ਼ਣ ਅਤੇ ਸੇਧ ਕਰਕੇ ਆਰਵ ਸਿੰਘ ਹੁਣ ਆਪਣੀ ਉਮਰ ਦੇ ਪੰਜਵੇਂ ਸਾਲ ਵਿੱਚ ਮਾਪਿਆਂ ਤੋਂ ਸਿੱਖ ਕੇ ਆਪਣੀ ਹਮ ਉਮਰ ਅਤੇ ਬਾਕੀ ਬੱਚਿਆਂ ਨੂੰ ਜੋ ਸ਼ੋਸ਼ਲ ਮੀਡੀਏ ਨਾਲ ਜੁੜੇ ਹਨ, ਇਸ ਰਾਹੀਂ ਸਿਖਾਉਣ ਦੇ ਕਾਬਲ ਬਣ ਗਿਆ। ਉਸ ਨੇ ਆਪਣਾ ਯੂਟਿਊਬ ਚੈਨਲ ਸ਼ੁਰੂ ਕਰ ਦਿੱਤਾ ਹੈ। ਜਿਸ ਨੂੰ ਸਬਕਰਾਈਬ ਕਰਕੇ ਬਹੁਤ ਸਾਰੇ ਬੱਚੇ ਅਤੇ ਪਰਿਵਾਰ ਉਸ ਨਾਲ ਜੁੜ ਰਹੇ ਹਨ। ਵਿਦੇਸ਼ੀ ਪ੍ਰਭਾਵ ਅਧੀਨ ਅਕਸਰ ਅੱਜਕਲ੍ਹ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਪ੍ਰਤੀ ਚਿੰਤਤ ਹਨ ਕਿਉਂਕਿ ਬੱਚੇ ਆਪਣੇ ਸੱਭਿਆਚਾਰਕ ਵਿਰਸੇ ਤੋਂ ਦੂਰ ਹੋ ਰਹੇ ਹਨ। ਮਨੋਵਿਗਿਆਨਕ ਤੌਰ 'ਤੇ ਜੇ ਦੇਖੀਏ ਤਾਂ ਅੱਜਕਲ ਬੱਚੇ ਵੱਡਿਆਂ ਦਾ ਪ੍ਰਭਾਵ ਘੱਟ ਕਬੂਲਦੇ ਹਨ। ਪਰ ਹਮ ਉਮਰ ਦੀ ਗੱਲ ਝਟਪਟ ਮੰਨ ਲੈਦੇ ਹਨ। ਇਸ ਖੇਤਰ ਵਿੱਚ ਵੀ ਆਰਵ ਸਿੰਘ ਦੁਆਰਾ ਚਲਾਇਆ ਯੂ-ਟਿਊਬ ਚੈਨਲ ਬੱਚਿਆਂ ਨੂੰ ਚੰਗੀ ਸੇਧ ਦੇਣ ਲਈ ਸਾਰਥਿਕ ਸਿੱਧ ਹੋਵੇਗਾ। ਜਿਸ 'ਤੇ ਸਾਡਾ ਸਮੁੱਚਾ ਭਾਈਚਾਰਾ ਮਾਣ ਵੀ ਮਹਿਸੂਸ ਕਰਦਾ ਹੈ।

ਆਰਵ ਸਿੰਘ ਦੀ ਨਾਨੀ ਬੀਬੀ ਆਸ਼ਾ ਸ਼ਰਮਾ ਅਤੇ ਨਾਨਾ ਹਰਮੋਹਨ ਸਿੰਘ ਹੈਰੀ ਨੇ ਦੱਸਿਆ ਕਿ ਆਰਵ ਅਜੇ 5 ਕੁ ਸਾਲ ਦਾ ਬੱਚਾ ਹੈ। ਅਮਰੀਕਾ ਰਹਿੰਦੇ ਆਰਵ ਸਿੰਘ ਤੇ ਉਸ ਵਰਗੇ ਹੋਰ ਪੰਜਾਬੀ ਬੱਚਿਆਂ ਦੀ ਆਪਣੇ ਵਿਰਸੇ, ਬੋਲੀ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਨਾਲ਼ ਸਾਂਝ ਪੁਆਉਣ ਲਈ ਅਤੇ ਉਹਨਾਂ ਨੂੰ ਆਪੇ ਦੇ ਪ੍ਰਗਟਾਵੇ ਲਈ ਪ੍ਰੇਰਿਤ ਕਰਨ ਲਈ ਅਸੀਂ "ਗੱਲਾਂ ਆਰਵ ਦੀਆਂ - ਮਹਿਕ ਵਿਰਸੇ ਦੀ" ਨਾਮਕ ਯੂਟਿਊਬ ਚੈਨਲ ਬਣਾਇਆ ਹੈ।" ਅੱਗੇ ਉਨ੍ਹਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਆਰਵ ਸਿੰਘ ਦੀ ਪੰਜਾਬੀ ਬੋਲੀ ਵਿੱਚ ਆਪਣੇ ਜਜ਼ਬਾਤ ਸਾਂਝੇ ਕਰਨ ਦੀ ਕੋਸ਼ਿਸ਼ "ਗੱਲਾਂ ਆਰਵ ਦੀਆਂ - ਮਹਿਕ ਵਿਰਸੇ ਦੀ" ਆਪ ਨੂੰ ਪਸੰਦ ਆਏਗੀ। ਜੋ ਆਰਵ ਦੀ ਹੌਂਸਲਾ-ਅਫ਼ਜ਼ਾਈ ਅਤੇ ਹੋਰਨਾਂ ਬੱਚਿਆਂ ਨੂੰ ਵਿਰਸੇ ਨਾਲ਼ ਜੋੜਨ ਦੀ ਪ੍ਰੇਰਨਾ ਦੇਣ ਲਈ "ਗੱਲਾਂ ਆਰਵ ਦੀਆਂ - ਮਹਿਕ ਵਿਰਸੇ ਦੀ" ਇੱਕ ਚੰਗਾ ਪ੍ਰੇਰਨਾ ਸਰੋਤ ਕਦਮ ਹੋਵੇਗਾ। ਇੰਨਾਂ ਹੀ ਕਦਮਾਂ 'ਤੇ ਚੱਲਦੇ ਹੋਏ ਇਸ ਚੰਗੀ ਸੋਚ ਨੂੰ ਅੱਗੇ ਵਧਾਉਣ ਲਈ ਯੂਟਿਊਬ ਚੈਨਲ ਸਬਸਕ੍ਰਾਈਬ ਕਰਨ ਅਤੇ ਵੀਡੀ ਜ਼ ਨੂੰ ਦੇਖ ਕੇ ਆਪਣੇ ਵਿਚਾਰ ਦੇਣ ਦੀ ਅਪੀਲ ਵੀ ਕੀਤੀ। ਜਦ ਤੁਸੀਂ ਉਸ ਦੀ ਵੀਡੀ ਜ਼ ਪਸੰਦ ਅਤੇ ਸ਼ੇਅਰ ਕਰ ਕੇ ਆਪ ਜ਼ਰੂਰ ਆਰਵ ਸਿੰਘ ਨੂੰ ਹੱਲਾਸ਼ੇਰੀ ਦਿਉਗੇ ਤਾਂ ਬੱਚੇ ਦਾ ਹੋਰ ਹੌਸਲਾ ਵਧੇਗਾ ਅਤੇ ਉਹ ਹੋਰ ਬੱਚਿਆਂ ਲਈ ਸੱਭਿਆਚਾਰਕ ਰੰਗਾਂ ਵਿੱਚ ਰੰਗੇ ਨਵੇਂ-ਨਵੇਂ ਵਿਸ਼ੇ ਆਪਣੀ ਨੰਨੀ ਪਿਆਰੀ ਮੁਸਕਾਨ ਅਤੇ ਅਵਾਜ਼ ਵਿੱਚ ਲਿਆ ਕੇ ਪੇਸ਼ ਕਰੇਗਾ।

ਮੇਰੇ ਵੱਲੋ ਆਰਵ ਸਿੰਘ ਅਤੇ ਉਸਦੇ ਮਾਪਿਆਂ ਲਈ ਢੇਰ ਸਾਰੀਆਂ ਸ਼ੁਭ ਕਾਮਨਾਵਾਂ ਹਨ ਕਿ ਉਹ ਆਪਣੇ ਨਾਨਕੇ ਅਤੇ ਦਾਦਕੇ ਪਰਿਵਾਰ ਦੀ ਤਰ੍ਹਾਂ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰੇ। ਪਰਮਾਤਮਾ ਇਸ ਬੱਚੇ ਨੂੰ ਖੁਸ਼ੀਆਂ ਅਤੇ ਤਰੱਕੀਆਂ ਬਖਸ਼ੇ।

# ਸਰਕਾਰ ਦੇ ਦਾਅਵੇ, ਭਾਰਤੀ ਕਿਸਾਨਾਂ ਦੀ ਸਥਿਤੀ



ਗੁਰਮੀਤ ਪਲਾਹੀ
91-98158-02070

ਕੇਂਦਰ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਖੇਤੀ ਖੇਤਰ ਮਜ਼ਬੂਤ ਹੈ, ਪਰ ਸਵਾਲ ਉੱਠ ਰਿਹਾ ਹੈ ਕਿ ਕੀ ਦੇਸ਼ ਦੇ ਕਿਸਾਨ ਦਾ ਜੀਵਨ ਮਜ਼ਬੂਤ ਹੈ?

ਨਾਵਾਰਡ ਦੀ 2021-22 ਦੀ ਰਿਪੋਰਟ ਪੜ੍ਹੋ, ਜੋ ਸਪੱਸ਼ਟ ਕਹਿੰਦੀ ਹੈ ਕਿ ਲਗਭਗ 55 ਫ਼ੀਸਦੀ ਖੇਤੀ ਪਰਿਵਾਰ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਹਰ ਪਰਿਵਾਰ 'ਤੇ ਔਸਤਨ ਬਕਾਇਆ ਕਰਜ਼ਾ 9,1231 ਰੁਪਏ ਹੈ।

3 ਫਰਵਰੀ 2025 ਨੂੰ ਲੋਕ ਸਭਾ ਵਿੱਚ ਸਰਕਾਰ ਦਾ ਦਿੱਤਾ ਬਿਆਨ ਸਪੱਸ਼ਟ ਕਰਦਾ ਹੈ ਕਿ 13.08 ਕਰੋੜ ਕਿਸਾਨਾਂ ਨੇ ਵਪਾਰਕ ਬੈਂਕਾਂ ਤੋਂ 27,67,346 ਕਰੋੜ ਰੁਪਏ ਕਰਜ਼ਾ ਲਿਆ ਹੈ, ਜਦਕਿ 3.34 ਕਰੋੜ ਕਿਸਾਨਾਂ ਨੇ ਸਹਿਕਾਰੀ ਬੈਂਕਾਂ ਤੋਂ 2,65,419 ਕਰੋੜ ਰੁਪਏ ਅਤੇ 2.31 ਕਰੋੜ ਕਿਸਾਨਾਂ ਨੇ ਖੇਤੀ ਪੇਂਡੂ ਬੈਂਕਾਂ ਤੋਂ 3,19,881 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ।

ਪ੍ਰਧਾਨ ਮੰਤਰੀ ਕਿਸਾਨ ਯੋਜਨਾ ਅਧੀਨ ਦੇਸ਼ ਦੀ ਕੇਂਦਰ ਸਰਕਾਰ ਲਗਾਤਾਰ ਢੰਡੋਰਾ ਪਿੱਟਦੀ ਹੈ ਕਿ ਦੇਸ਼ ਦੇ ਕਿਸਾਨਾਂ ਨੂੰ ਪ੍ਰਤੀ ਤਿਮਾਹੀ ਕਿਸਾਨ ਸਨਮਾਨ ਰਾਸ਼ੀ ਦਿੰਦੀ ਹੈ, ਜੋ ਪ੍ਰਤੀ ਸਾਲ 6000 ਰੁਪਏ ਹੈ। ਅੰਕੜੇ ਦਸਦੇ ਹਨ ਕਿ 2022 ਦੀ ਪਹਿਲੀ ਤਿਮਾਹੀ (ਅਪ੍ਰੈਲ-ਜੁਲਾਈ) 'ਚ ਇਸ ਸਕੀਮ ਅਧੀਨ 10.47 ਕਰੋੜ ਕਿਸਾਨ ਰਜਿਸਟਰਡ ਸਨ। ਸਾਲ 2023 'ਚ ਘੱਟਕੇ ਇਹ ਗਿਣਤੀ 8.1 ਕਰੋੜ ਰਹਿ ਗਈ। ਇਹਨਾ 8.1 ਕਰੋੜ ਲੋਕਾਂ ਨੂੰ 15ਵੀਂ ਕਿਸ਼ਤ ਦਿੱਤੀ ਗਈ। ਪਰ ਸਰਕਾਰ ਦੇ ਅੰਕੜਿਆਂ ਤੇ ਦਾਅਵਿਆਂ 'ਚ ਵੱਡੀਆਂ ਤਰੁੱਟੀਆਂ ਦੀ ਝਲਕ ਪੈਂਦੀ ਹੈ, ਜਦੋਂ ਸਰਕਾਰ ਕਹਿੰਦੀ ਹੈ ਕਿ 19ਵੀਂ ਕਿਸ਼ਤ ਜੋ ਫਰਵਰੀ 2025 'ਚ ਦਿੱਤੀ ਗਈ , ਉਸ ਵਿੱਚ ਇਹ ਗਿਣਤੀ 9.8 ਕਰੋੜ ਹੋ ਗਈ। ਇਹ ਕਿਵੇਂ ਵਾਪਰਦਾ ਹੈ? ਕੀ ਇਹ ਅੰਕੜਿਆਂ ਦੀ ਖੇਡ ਨਹੀਂ ਹੈ?



ਪਰ ਇਸ ਵਿੱਚ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੇ ਕਿਸਾਨ ਭਾੜੇ 'ਤੇ ਖੇਤੀ ਕਰਦੇ ਹਨ, ਇਸ ਯੋਜਨਾ ਅਧੀਨ ਲਾਹਾ ਲੈਣ ਦੇ ਪਾਤਰ ਨਹੀਂ ਹਨ। ਕੀ ਇਹ ਬੇਇਨਸਾਫੀ ਨਹੀਂ ਹੈ?

ਕੇਂਦਰ ਸਰਕਾਰ ਦੀਆਂ ਸਕੀਮਾਂ ਕਹਿਣ ਲਈ ਤਾਂ ਕਿਸਾਨ ਹਿਤੈਸ਼ੀ ਹਨ, ਪਰ ਕਈ ਹਾਲਤਾਂ 'ਚ ਇਹ ਕਿਸਾਨਾਂ ਦੀ ਲੁੱਟ ਦਾ ਸਾਧਨ ਬਣੀਆਂ। ਉਦਾਹਰਨ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਹੈ। ਭਾਵੇਂ ਕਿ ਇਸ ਸਕੀਮ ਨੂੰ ਕਈ ਸੂਬਾ ਸਰਕਾਰਾਂ ਨੇ ਪ੍ਰਵਾਨ ਨਹੀ ਕੀਤਾ ਅਤੇ ਆਪਣੇ ਸੂਬਿਆਂ 'ਚ ਲਾਗੂ ਨਹੀਂ ਕੀਤਾ, ਪਰ ਜਿਥੇ ਲਾਗੂ ਕੀਤਾ ਗਿਆ, ਉਥੇ ਭਾਰੀ ਭਰਕਮ ਬੀਮਾ ਦੇਣ ਬਾਅਦ, ਜਦੋਂ ਫ਼ਸਲਾਂ ਦੇ ਖਰਾਬ ਹੋਣ 'ਤੇ ਕਲੇਮ ਪੇਸ਼ ਕੀਤੇ,ਤਾਂ 2019-20 ਵਿੱਚ ਇਹ 87 ਫ਼ੀਸਦੀ ਕਲੇਮ ਮਿਲੇ ਜਦਕਿ 2023-24 'ਚ ਇਹ ਕਲੇਮ 56 ਫ਼ੀਸਦੀ ਪਾਸ ਕੀਤੇ ਗਏ, ਕਿਉਂਕਿ ਪ੍ਰਾਈਵੇਟ ਬੀਮਾ ਕੰਪਨੀਆਂ ਨੂੰ ਇਸ ਬੀਮਾ 'ਚ ਸ਼ਾਮਿਲ ਕਰਨ ਦੀ ਮਨਜ਼ੂਰੀ ਮੌਜੂਦਾ ਸਰਕਾਰ ਵੱਲੋਂ ਦੇ ਦਿੱਤੀ ਗਈ। ਇੰਜ ਇਹ ਯੋਜਨਾ ਅਸਲ 'ਚ ਜਬਰਨ ਵਸੂਲੀ ਯੋਜਨਾ ਬਣ ਗਈ, ਜਿਸ ਨਾਲ ਕਿਸਾਨਾਂ ਨੂੰ ਫ਼ਾਇਦਾ ਘੱਟ, ਪਰ ਨੁਕਸਾਨ ਵੱਧ ਹੋ ਰਿਹਾ ਹੈ।

ਮਗਨਰੇਗਾ ਵਰਗੀ ਮਹੱਤਵਪੂਰਨ ਸਮਾਜਿਕ ਸੁਰੱਖਿਆ ਯੋਜਨਾ ਦਾ ਮੌਜੂਦਾ ਸਰਕਾਰ ਨੇ ਲੱਕ ਤੋੜਕੇ ਰੱਖ ਦਿੱਤਾ ਹੈ। 1.5 ਕਰੋੜ ਤੋਂ ਜਿਆਦਾ ਜੌਬ ਕਾਰਡ ਰੱਦ ਕਰ ਦਿੱਤੇ ਗਏ ਹਨ। ਕੰਮ ਜਿਹੜਾ ਪ੍ਰਤੀ 100 ਦਿਨਾਂ ਲਈ ਦੇਣਾ ਸੀ, ਉਹ ਮਸਾਂ 51 ਦਿਨ ਤੱਕ ਦਿੱਤਾ ਜਾ ਸਕਿਆ। ਇਸ ਵਿੱਚ ਛੋਟੇ ਕਿਸਾਨਾਂ ਨੂੰ ਕੁਝ ਦਿਨਾਂ ਦਾ ਰੁਜ਼ਗਾਰ ਮਿਲਦਾ ਸੀ। ਹੁਣ ਇਹ ਪੇਂਡੂ ਖੇਤਰ ਵਾਲੀ ਵਿਸ਼ੇਸ਼ ਯੋਜਨਾ, ਪੈਸਿਆਂ ਦੀ, ਘਾਟ ਵਾਲੀ ਯੋਜਨਾ ਬਣ ਕੇ ਰਹਿ ਗਈ ਹੈ। ਮੌਜੂਦਾ ਸਰਕਾਰ "ਕਿਸਾਨ ਵਿਰੋਧੀ ਸਰਕਾਰ" ਵਜੋਂ ਜਾਣੀ ਜਾਣ ਲੱਗ ਪਈ ਹੈ, ਕਿਉਂਕਿ ਉਸ ਦਾ ਦੇਸ਼ ਦੇ ਮਹੱਤਵਪੂਰਨ ਵਰਗ ਕਿਸਾਨਾਂ ਦੀ ਭਲਾਈ ਵੱਲ ਉਤਨਾ ਧਿਆਨ ਨਹੀਂ ਹੈ, ਜਿਤਨਾ ਧਿਆਨ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਵਾਲੇ ਇਸ ਵਰਗ ਨੂੰ ਦਿੱਤੇ ਜਾਣ ਦੀ ਲੋੜ ਹੈ। ਸਗੋਂ ਉਲਟਾ ਕਿਸਾਨ ਵਿਰੋਧੀ ਸਰਕਾਰੀ ਸੋਚ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਕਿਸਾਨਾਂ ਵਿਰੋਧੀ ਤਿੰਨ ਕਾਲੇ ਕਾਨੂੰਨ ਪਾਸ ਕਰ ਦਿੱਤੇ ਗਏ, ਜਿਸ ਵਿੱਚ ਕਿਸਾਨਾਂ ਦੀ ਜ਼ਮੀਨ ਖੋਹੇ ਜਾਣ ਦੀ ਸਾਜਿਸ਼ ਦੀ ਝਲਕ ਸਪਸ਼ਟ ਨਜ਼ਰੀ ਪੈਂਦੀ ਸੀ।

ਦੇਸ਼ ਦੀ ਕੁੱਲ ਕਾਮਾ ਗਿਣਤੀ ਵਿੱਚ 45.76 ਫ਼ੀਸਦੀ ਕਾਮੇ ਕਿਸਾਨ ਹਨ, ਜਿਹੜੇ ਖੇਤੀ ਖੇਤਰ ਅਤੇ ਖੇਤੀ ਨਾਲ ਸੰਬੰਧਤ ਧੰਦਿਆਂ 'ਚ ਲੱਗੇ ਹੋਏ ਹਨ। ਇਹਨਾ ਕਿਸਾਨਾਂ ਵਿੱਚੋਂ 86 ਫ਼ੀਸਦੀ ਕਿਸਾਨ ਛੋਟੇ ਅਤੇ ਛੋਟੇ ਮੱਧ ਵਰਗੀ ਕਿਸਾਨ ਹਨ, ਜਿਹਨਾ ਕੋਲ ਇੱਕ ਹੈਕਟੇਅਰ (2.5 ਏਕੜ) ਜ਼ਮੀਨ ਤੋਂ ਵੀ ਘੱਟ ਦੀ ਮਾਲਕੀ ਹੈ। 'ਇਸੇ ਕਰਕੇ ਦੇਸ਼ 'ਚ ਬਹੁਤੇ ਕਿਸਾਨ ਗਰੀਬੀ ਰੇਖਾ ਤੋਂ ਹੇਠ ਰਹਿੰਦੇ ਹਨ। ਵੱਡੀ ਮਿਹਨਤ ਕਰਨ ਦੇ ਬਾਵਜੂਦ ਵੀ ਫਸਲਾਂ ਲਈ ਪੂਰੀ ਕੀਮਤ ਨਾ ਮਿਲਣਾ ਇੱਕ ਕਾਰਨ ਹੈ। ਬੀਜਾਂ, ਖਾਦਾਂ ਦੀ ਵੱਧਦੀ ਕੀਮਤ, ਪਾਣੀ ਦੀ ਘਾਟ ਬੇਮੌਸਮੀ ਬਰਸਾਤ ਅਤੇ ਕਈ ਹੋਰ ਕਾਰਨਾਂ ਕਰਕੇ ਕਿਸਾਨ ਘਾਟੇ ਦੀ ਖੇਤੀ ਕਰਨ 'ਤੇ ਮਜ਼ਬੂਰ ਹੈ। ਖੇਤੀ ਲਈ ਪੂਰਾ ਪਰਿਵਾਰ ਮਿਹਨਤ ਕਰਦਾ ਹੈ, ਪਰ ਉਸ ਦੀ ਮਜ਼ਦੂਰੀ ਤੱਕ ਵੀ ਉਸ ਨੂੰ ਨਹੀਂ ਮਿਲਦੀ। ਕਿਸਾਨ ਜੱਥੇਬੰਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਅਤੇ ਡਾ। ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰਦੀਆਂ ਹਨ, ਜਿਸ ਅਧੀਨ ਉਹਨਾ ਨੂੰ ਫ਼ਸਲ ਉਤੇ ਲਾਗਤ ਉਪਰ 50 ਫ਼ੀਸਦੀ ਮਜ਼ਦੂਰੀ ਦਿੱਤੇ ਜਾਣ ਦਾ ਪ੍ਰਵਾਧਾਨ ਹੈ, ਪਰ ਸਰਕਾਰ ਵੱਲੋਂ ਇਸ ਜਾਇਜ਼ ਮੰਗ ਵੱਲ 'ਤੱਕਿਆ' ਵੀ ਨਹੀਂ ਜਾ ਰਿਹਾ। ਇਹੋ ਜਿਹੇ ਹਾਲਾਤਾਂ ਵਿੱਚ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਦੀ ਗੁੰਜਾਇਸ਼ ਹੀ ਨਹੀਂ ਬਚਦੀ। ਇਹ ਹਾਲਾਤ ਚੁਣੌਤੀਪੂਰਨ ਹਨ।

ਪ੍ਰਧਾਨ ਮੰਤਰੀ ਦੀ ਇੱਕ ਯੋਜਨਾ ਤਹਿਤ ਸਰਕਾਰ ਨੇ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਸੀਮਾ 5 ਲੱਖ ਰੁਪਏ ਕਰ ਦਿੱਤੀ ਹੈ, ਕਿਸਾਨਾਂ ਨੂੰ ਆਤਮ ਨਿਰਭਰਤਾ ਵਧਾਉਣ ਲਈ ਦਾਲਾਂ ਅਤੇ ਕਪਾਹ ਦੀ ਖੇਤੀ ਵੱਲ ਪ੍ਰੇਰਿਤ ਕਰਨ ਦਾ ਯਤਨ ਹੋ ਰਿਹਾ ਹੈ, ਪਰ ਛੋਟੇ ਤੇ ਛੋਟੇ ਮੱਧ ਵਰਗੀ ਕਿਸਾਨਾਂ ਦੇ ਹਾਲਤ ਸੁਧਾਰ ਨਹੀਂ ਰਹੇ। ਕਿਸਾਨ ਦੀ ਸਥਿਤੀ ਵਿਸ਼ਵ ਦੇ ਕਿਸਾਨਾਂ ਦੀ ਸਥਿਤੀ ਨਾਲੋਂ ਅਤਿਅੰਤ ਕਮਜ਼ੋਰ ਹੈ, ਕਿਉਂਕਿ ਆਮ ਕਿਸਾਨ ਦੀ ਪਹੁੰਚ 'ਚ ਨਾ ਤਾਂ ਆਧੁਨਿਕ ਸੰਦ ਹਨ ਅਤ ਨਾ ਹੀ ਮੰਡੀ ਤੱਕ ਜਾਇਜ਼ ਪਹੁੰਚ। ਜਿਸ ਕਾਰਨ ਉਹ ਬੁਰੀ ਤਰ੍ਹਾਂ ਲੁਟਿਆ ਜਾ ਰਿਹਾ ਹੈ।

ਆੜਤੀਆਂ ਵੱਲੋਂ ਕਿਸਾਨ ਦੀ ਆਪਣੀ ਫ਼ਸਲ ਲਈ ਵੱਡੇ ਵਿਆਜ਼ 'ਤੇ ਕਰਜ਼ਾ ਲੈਣ ਤੋਂ ਸ਼ੁਰੂ ਹੋਈ ਲੁੱਟ, ਮੰਡੀ ਤੱਕ ਪਹੁੰਚਦਿਆਂ ਹੋਰ ਵੀ ਵਧਦੀ ਹੈ, ਜਿਥੇ ਉਸਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕੋਈ ਕਾਨੂੰਨੀ ਗਰੰਟੀ ਨਹੀਂ ਹੈ। ਉਹ ਫਸਲਾਂ, ਸਬਜ਼ੀਆਂ, ਫਲ, ਜੋ ਉਹ ਆਪਣੇ ਖੇਤ ਵਿੱਚ ਮਿਹਨਤ ਨਾਲ ਉਗਾਉਂਦਾ ਹੈ, ਉਹਨਾ ਫ਼ਸਲਾਂ ਵੱਟੇ ਉਸ ਨੂੰ ਮਿਲਦੀ ਰਾਸ਼ੀ ਕਈ ਵੇਰ ਇੰਨੀ ਘੱਟ ਹੁੰਦੀ ਹੈ ਕਿ ਉਸ ਨੂੰ ਆਲੂ, ਟਮਾਟਰਾਂ, ਵਰਗੀਆਂ ਸਬਜ਼ੀਆਂ ਦੇ ਢੇਰ ਸੜਕਾਂ 'ਤੇ ਸੁੱਟਣੇ ਪੈਂਦੇ ਹਨ। ਆਰਥਿਕ ਸਥਿਤੀ ਇਹ ਬਣਦੀ ਹੈ ਕਿ ਉਸਨੂੰ ਆਪਣੀ ਜੀਵਨ-ਲੀਲਾ ਖ਼ਤਮ ਕਰਨ ਦੇ ਹਾਲਾਤ ਤੱਕ ਬਣ ਜਾਂਦੇ ਹਨ। ਕਿਸਾਨਾਂ ਦੀ ਖ਼ੁਦਕੁਸ਼ੀ ਦੀਆਂ ਨਿੱਤ ਪ੍ਰਤੀ ਦੀਆਂ ਖ਼ਬਰਾਂ ਦੂਜੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ, ਜੋ ਘਰੇਲੂ ਹਾਲਤਾਂ ਅਤੇ ਮਾੜੀ ਆਰਥਿਕ ਹਾਲਾਤ ਕਾਰਨ ਪਹਿਲਾਂ ਹੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੁੰਦੇ ਹਨ। ਕਿਸਾਨ ਦੀ ਜ਼ਿੰਦਗੀ ਜ਼ਮੀਨ, ਮੌਸਮ ਅਤੇ ਰੁੱਤਾਂ ਦੁਆਲੇ ਘੁੰਮਦੀ ਹੈ। ਉਹ ਕੁਦਰਤ ਨਾਲ ਹਰ ਪਲ ਵਾ-ਵਾਸਤਾ ਹੈ, ਕਿਉਂਕਿ ਉਹ ਹੀ ਉਸਨੂੰ ਖੁਸ਼ੀਆਂ ਦਿੰਦੀ ਹੈ ਅਤੇ ਉਹ ਹੀ ਉਹਦਾ ਜੀਵਨ ਜੀਉਣਾ ਦੁੱਭਰ ਕਰਦੀ ਹੈ। ਖੇਤੀ ਨਾਲ ਜਦੋਂ ਤੋਂ ਖਾਦਾਂ, ਕੀਟਨਾਸ਼ਕਾਂ, ਰਾਹੀ ਖਿਲਵਾੜ ਸ਼ੁਰੂ ਹੋਇਆ ਹੈ, ਕਿਸਾਨ ਦੀ ਜ਼ਿੰਦਗੀ ਹੋਰ ਵੀ ਔਖੀ ਤੇ ਚੁਣੌਤੀਆਂ ਭਰਪੂਰ ਹੋਈ ਹੈ। ਧਰਤੀ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਪਾਣੀ ਦੀ ਘਾਟ ਕਾਰਨ ਬੰਜ਼ਰ ਬਣਦੀ ਜਾ ਰਹੀ ਹੈ ਅਤੇ ਖੇਤੀ ਯੋਗ ਜ਼ਮੀਨ ਘੱਟ ਰਹੀ ਹੈ। ਖੇਤੀ ਯੋਗ ਭੂਮੀ ਜਿਥੇ ਭੈੜੀਆਂ ਮੌਸਮੀ ਹਾਲਾਤਾਂ ਦਾ ਸ਼ਿਕਾਰ ਹੋ ਰਹੀ ਹੈ, ਉਥੇ ਕਾਰਪੋਰੇਟ ਸੈਕਟਰ ਅਤੇ ਸਰਕਾਰ ਰਲਕੇ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਨਾਮ ਉਤੇ ਇਸ ਨੂੰ ਕਿਸਾਨਾਂ ਤੋਂ ਹਥਿਆ ਰਹੇ ਹਨ, ਜਿਸ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਹੋਰ ਵੀ ਵਧ ਰਹੀਆਂ ਹਨ। ਵੱਡੀ ਗਿਣਤੀ ਕਿਸਾਨ ਖੇਤੀ ਤੋਂ ਵਾਂਝੇ ਕੀਤੇ ਜਾ ਰਹੇ ਹਨ।

ਭਾਰਤ ਵਿਸ਼ਵ ਦੇ ਤਿੰਨ ਇਹੋ ਜਿਹੇ ਦੇਸ਼ਾਂ 'ਚ ਸ਼ਾਮਲ ਹੈ, ਜਿਥੇ ਕਿਸਾਨ ਕਣਕ, ਚਾਵਲ, ਦਾਲਾਂ, ਫਲ, ਕਪਾਹ ਪੈਦਾ ਕਰਦੇ ਹਨ। ਇਥੇ ਪ੍ਰਤੀ ਹੈਕਟੇਅਰ ਫ਼ਸਲਾਂ ਦੀ ਪੈਦਾਵਾਰ ਵਿਸ਼ਵ ਪੱਧਰ 'ਤੇ ਘੱਟ ਹੈ, ਹਾਲਾਂਕਿ ਭਾਰਤ ਚੰਗੀ ਉਪਜਾਊ ਧਰਤੀ ਲਈ ਜਾਣਿਆ ਜਾਂਦਾ ਹੈ।

ਐਡੀ ਵੱਡੀ ਆਬਾਦੀ ਲਈ, ਜੋ ਵਿਸ਼ਵ ਦੀ ਗਿਣਤੀ ਵਿੱਚ ਪਹਿਲੇ ਨੰਬਰ ਦੀ ਆਬਾਦੀ ਹੈ, ਭਾਰਤ ਦਾ ਕਿਸਾਨ ਖੁਰਾਕ ਪੈਦਾ ਕਰਦਾ ਹੈ, ਪਰ ਆਪ ਭੁਖਿਆਂ ਸੌਂਦਾ ਹੈ ਅਤੇ ਭੈੜੀਆਂ ਸਥਿਤੀਆਂ 'ਚ ਜੀਵਨ ਵਸਰ ਕਰਦਾ ਹੈ। ਸਰਕਾਰ ਦੀ ਕਿਸਾਨਾਂ ਪ੍ਰਤੀ ਬੇਰੁਖੀ ਰੜਕਦੀ ਹੈ। ਸੰਘਰਸ਼ਮਈ ਕਿਸਾਨ ਜ਼ਿੰਦਗੀ, ਲੋੜਾਂ ਅਤੇ ਥੋੜਾਂ ਕਾਰਨ ਕਈ ਹਾਲਾਤਾਂ 'ਚ ਕਰੁਨਾਮਈ ਬਣ ਜਾਂਦੀ ਹੈ, ਜਦੋਂ ਉਸਦੇ ਪਰਿਵਾਰ ਨੂੰ ਸਿੱਖਿਆ, ਸਿਹਤ ਸਹੂਲਤਾਂ ਦੀ ਘਾਟ ਰਹਿੰਦੀ ਹੈ। ਸਮੁੱਚੇ ਦੇਸ਼ ਵਿੱਚ ਕਿਸਾਨ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦਿਆਂ ਸੰਘਰਸ਼ ਕਰ ਰਹੇ ਹਨ। ਉਹਨਾ ਦੇ ਹਾਲਾਤ ਸੁਧਾਰਨ ਲਈ ਬੁਨਿਆਦੀ ਢਾਂਚੇ ਦੇ ਪਸਾਰੇ ਲਈ ਅਤੇ ਪਾਣੀ-ਪ੍ਰਬੰਧਨ ਅਤੇ ਸਿੰਚਾਈ ਯੋਜਨਾਵਾਂ ਦੇ ਸੁਧਾਰ ਦੀ ਤਾਂ ਲੋੜ ਹੈ ਹੀ, ਉਸਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਸਮਾਜਿਕ ਸੁਰੱਖਿਆ ਦੇਣਾ ਵੀ ਜ਼ਰੂਰੀ ਹੈ।

# ਭਾਰਤੀ ਮੂਲ ਦੀ ਗਾਜ਼ਲਾ ਹਾਸ਼ਮੀ ਨੇ ਲੈਫਟੀਨੈਂਟ ਗਵਰਨਰ ਦੀ ਨਾਮਜ਼ਦਗੀ ਚੋਣ ਜਿੱਤੀ




**ਸੈਕਰਾਮੈਂਟੋ, ਕੈਲੀ-ਫੋਰਨੀਆ (ਹੁਸਨ ਲੜੋਆ ਬੰਗਾ)**-ਭਾਰਤੀ ਮੂਲ ਦੀ ਸਟੇਟ ਸੈਨਟ ਮੈਂਬਰ ਗਾਜ਼ਲਾ ਹਾਸ਼ਮੀ ਨੇ ਰਿਚਮੰਡ, ਵਰਜੀਨੀਆ ਦੇ ਲੈਫਟੀਨੈਂਟ ਗਵਰਨਰ ਵਜੋਂ ਡੈਮੋਕਰੈਟਿਕ ਉ-ਮੀਦਵਾਰ ਵਜੋਂ ਨਾਮਜ਼ਦਗੀ ਚੋਣ ਜਿੱਤ ਲਈ ਹੈ। 60 ਸਾਲਾ ਵਿਧਾਇਕਾ ਪਹਿਲੀ ਸਾਊਥ ਏਸ਼ੀਅਨ ਮੁਸਲਮਾਨ ਔਰਤ ਹੈ ਜੋ ਲੈਫਟੀਨੈਂਟ ਗਵਰਨਰ ਦੇ ਅਹੁਦੇ ਲਈ ਨਾਮਜ਼ਦ ਹੋਈ ਹੈ। ਉਹ 2019 ਵਿਚ ਵਿਰਜੀਨੀਆ ਦੀ ਸੈਨੇਟ ਲਈ ਚੁਣੀ ਗਈ ਸੀ। ਹਾਸ਼ਮੀ ਇਕ ਸਾਬਕਾ ਪ੍ਰੋਫੈਸਰ ਹੈ ਤੇ ਵਰਜੀਨੀਆ ਦੀ ਰਾਜਨੀਤੀ ਵਿਚ ਉਸ ਦੀ ਖਾਸ ਜਗਾ ਹੈ। ਹਾਸ਼ਮੀ ਭਾਰਤ ਵਿਚ ਪੈਦਾ ਹੋਈ ਸੀ ਤੇ ਉਹ 4 ਸਾਲ ਦੀ ਉਮਰ ਵਿਚ ਆਪਣੇ ਮਾਪਿਆਂ ਨਾਲ ਅਮਰੀਕਾ ਆਈ ਸੀ। ਹਾਸ਼ਮੀ ਨੇ 131000 ਵੋਟਾਂ ਲੈ ਕੇ ਸਾਬਕਾ ਰਿਚਮੰਡ ਮੇਅਰ ਲੀਵਰ ਸਟੋਨੀ ਨੂੰ ਹਰਾਇਆ ਜਿਸ ਨੂੰ 128000 ਤੋਂ ਵਧ ਵੋਟਾਂ ਮਿਲੀਆਂ।

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥






ਮੈਂ ਅਪਣੇ ਅਤੇ ਆਪਣੇ ਪਰਿਵਾਰ ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੇ 40ਵੇਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਗੁਰੂਘਰ ਦੇ ਸਾਰੇ ਫਾਊਂਡਰ ਮੈਂਬਰ ਸਹਿਬਾਨ ਨੂੰ ਪ੍ਰਣਾਮ ਕਰਦਾਂ ਹਾਂ ਜਿਨ੍ਹਾਂ ਉੱਤਰੀ ਅਮਰੀਕਾ ਅੰਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉਪਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 2 ਜੂਨ 1985 ਨੂੰ ਸਥਾਪਨਾ ਕੀਤੀ।



## ਸ. ਅਵਤਾਰ ਸਿੰਘ ਡੌਡ ਅਤੇ ਉਹਨਾਂ ਦਾ ਪਰਿਵਾਰ






ਮੈਂ ਅਪਣੇ ਅਤੇ ਆਪਣੇ ਪਰਿਵਾਰ ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੇ 40ਵੇਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਲੱਖ ਲੱਖ ਵਧਾਈ ਦਿੰਦੇ ਹਾਂ ਅਤੇ ਗੁਰੂਘਰ ਦੇ ਸਾਰੇ ਫਾਊਂਡਰ ਮੈਂਬਰ ਸਹਿਬਾਨ ਨੂੰ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਉੱਤਰੀ ਅਮਰੀਕਾ ਅੰਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉਪਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 2 ਜੂਨ 1985 ਨੂੰ ਸਥਾਪਨਾ ਕੀਤੀ।



## ਸ੍ਰੀ ਕੁਲਦੀਪ ਸੁੰਮਨ ਅਤੇ ਸਮੂਹ ਪਰਿਵਾਰ

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



ਅਸੀਂ ਅਪਣੇ ਅਤੇ ਆਪਣੇ ਪਰਿਵਾਰ ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੇ 40ਵੇਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਲੱਖ ਲੱਖ ਵਧਾਈ ਦਿੰਦੇ ਹਾਂ ਅਤੇ ਗੁਰੂਘਰ ਦੇ ਸਾਰੇ ਫਾਊਂਡਰ ਮੈਂਬਰ ਸਹਿਬਾਨ ਨੂੰ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਉੱਤਰੀ ਅਮਰੀਕਾ ਅੰਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉਪਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 2 ਜੂਨ 1985 ਨੂੰ ਸਥਾਪਨਾ ਕੀਤੀ।





# Shri Avtar Singh Bains

(Former Treasurer)


# Mrs. Debho Bains

(First Former Chairperson)
Sri Guru Ravidass Sabha
Pittsburg (California)



## ਸਤਿਗੁਰੂ ਰਵਿਦਾਸ ਜੀ ਦੇ ਗੁਰਪੁਰਬ ਤੇ

# 'ਐਸੀ ਲਾਲ ਤੁਝ ਬਿਨੁ ਕਉਨੁ ਕਰੈ।'



ਐਚ ਐਲ ਕਪੂਰ

**ਭਗਤੀ ਮੱਤ** ਭਾਰਤ ਦੇ ਦੱਖਣ ਵਿਚ ਪੈਦਾ ਹੋਇਆ। ਇਹਨਾਂ ਦੇ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰਕੇ 'ਰੁਦ੍' ਦੀ ਪੂਜਾ ਜਿਸ ਨੂੰ ਮਗਰੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ-ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਕੁਦਰਤ ਦੀ ਬਖਸ਼ੀ ਹਰ ਚੀਜ਼ ਜਿਵੇਂ: ਹਵਾ, ਪਾਣੀ, ਸੂਰਜ, ਚੰਦ, ਅਗਨੀ, ਦਰਖਤ, ਮੀਂਹ, ਪਹਾੜ ਆਦਿ ਨੂੰ ਦੇਵਤਾ ਮੰਨ ਕੇ ਉਸਦੀ ਪੂਜਾ ਕੀਤੀ ਜਾਂਦੀ ਸੀ। ਇਸ ਪੂਜਾ ਦੇ ਕਰਮ ਤੇ ਬ੍ਰਾਹਮਣਵਾਦ ਤੇ ਪ੍ਰੋਹਿਤਵਾਦ ਦਾ ਪੂਰਨ ਕਬਜ਼ਾ ਸੀ। ਇਹਨਾਂ ਕੁਦਰਤੀ ਵਸਤਾਂ ਦੀ ਭੋਲੇ-ਭਾਲੇ ਲੋਕਾਂ ਨੂੰ ਕੋਈ ਵਿਗਿਆਨਕ ਸੋਝੀ ਨਹੀਂ ਸੀ। ਪ੍ਰੋਹਿਤ ਦੀ ਵਿਚੋਲਗੀ ਤੋਂ ਬਿਨਾਂ ਇਸ ਦਾ ਕੋਈ ਵੀ ਧਰਮ ਦਾ ਕਰਮ ਸੰਪੂਰਨ ਨਹੀਂ ਮੰਨਿਆ ਜਾਂਦਾ ਸੀ। ਇਸ ਵਿਚ ਖਾਸ ਤੌਰ ਤੇ ਪੁੰਨ-ਦਾਨ ਦਾ ਕਰਮ ਖਾਸ ਮਹੱਤਤਾ ਰੱਖਦਾ ਸੀ। ਇਸ ਕਰਮ ਦੀ ਆੜ ਵਿਚ ਹੀ ਪ੍ਰੋਹਿਤ ਵਰਗ ਭੋਲੀ-ਭਾਲੀ ਜਨਤਾ ਨੂੰ ਆਰਥਿਕ ਤੌਰ ਤੇ ਲੁੱਟਦਾ ਸੀ। ਬੁੱਧ ਮੱਤ ਨੇ ਇਸ ਤਰ੍ਹਾਂ ਦੇ ਕਰਮ ਕਾਂਡੀ ਜਾਲ ਦੀਆਂ ਤੰਦਾਂ ਤੋੜੀਆਂ ਤੇ ਮਨੁੱਖ ਦੇ ਸੁਤੰਤਰ ਚਿੰਤਨ ਨੂੰ, ਸੁਤੰਤਰਤਾ ਤੇ ਧਰਮ ਦੇ ਇਖਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ।

ਕੁਝ ਸਮੇਂ ਬਾਅਦ ਸਰਗੁਣਵਾਦੀ ਧਾਰਾ ਦੀਆਂ ਵੀ ਦੋ ਸ਼ਾਖਾਵਾਂ ਹੋ ਗਈਆਂ 'ਆਲਵਰ' ਭਗਤਾਂ ਦਾ ਇਕ ਦਲ 'ਵੈਸ਼ਨਵ', ਦੂਜਾ ਸ਼ੰਕਰਾਚਾਰੀਆ ਨੂੰ ਮਹਾਨ ਸ਼ੰਕਰ (ਰੁਦ੍-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ 'ਸ਼ੈਵਮੱਤ') ਇਹਨਾਂ ਦੋਹਾਂ ਮੱਤਾਂ ਵਿਚੋਂ ਦੱਖਣ ਵਿਚ 'ਸ਼ੈਵਮੱਤ' ਦਾ ਜ਼ੋਰ ਬਹੁਤ ਵੱਧ ਗਿਆ। ਇਸ ਕਾਰਨ ਦੋਹਾਂ ਦਲਾਂ ਵਿਚ ਆਪਸੀ ਮਾਰੂ ਝਗੜੇ ਸ਼ੁਰੂ ਹੋ ਗਏ।

ਇਹਨਾਂ ਭਗਤੀ ਦਲਾਂ ਵਿਚ ਵਿਸ਼ਨੂੰ ਮੱਤ ਦੇ ਅਚਾਰੀਆ ਰਾਮਾਨੁਜ ਜੀ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਉਹਨਾਂ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉੱਚ ਕੋਟੀ ਦੇ ਸ਼ਾਸਤਰੀ ਅਰਥਾਂ ਦੀ ਕਸਵੱਟੀ ਉੱਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਵਿਸ਼ਨੂੰ ਲੱਛਮੀ ਦੀ ਕਲਪਨਾ ਨੇ ਅੱਗੇ ਚੱਲ ਕੇ 'ਕ੍ਰਿਸ਼ਨ ਲੀਲਾ' ਅਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ 'ਰਾਧਾ ਕ੍ਰਿਸ਼ਨ' ਦਾ ਮੰਤਰ ਦਿੱਤਾ। ਇਸ ਨਾਲ ਮੰਦਰਾਂ ਦੀ ਉਸਾਰੀ ਧੜਾ-ਧੜ ਹੋਣ ਲੱਗ ਪਈ ਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਸਿਖਰਾਂ ਤੇ ਪਹੁੰਚ ਗਈ। ਮੰਦਰਾਂ ਵਿਚ ਦਲਿਤਾਂ ਤੇ ਸ਼ੂਦਰਾਂ ਨੂੰ ਜਾਣ ਤੋਂ ਰੋਕ ਦਿੱਤਾ ਗਿਆ। ਉਹ ਇਸ ਤਰ੍ਹਾਂ ਪ੍ਰਭੂ-ਭਗਤੀ ਦੀ ਉਪਾਸਨਾ ਨਾ ਕਰ ਸਕਣ ਕਰਕੇ, ਉਸ ਦੀ ਪ੍ਰਾਪਤੀ ਨਾ ਕਰ ਸਕੇ।

ਸਵਾਮੀ ਰਾਮਾਨੰਦ ਜੀ, ਅਚਾਰੀਆ ਰਾਮਾਨੁਜ ਪੱਧਤੀ ਦੇ ਚੌਦਵੇਂ ਅਚਾਰੀਆ ਸਨ। ਉਹਨਾਂ ਨੇ ਰਾਮਾਨੁਜ ਜੀ ਦੀ 'ਰਾਧਾ ਕ੍ਰਿਸ਼ਨ' ਭਗਤੀ ਦੇ ਉਲਟ 'ਰਾਮ ਭਗਤੀ' ਤੇ ਜ਼ੋਰ ਦਿੱਤਾ। ਉਹ ਉੱਤਰੀ ਭਾਰਤ ਵਿਚ ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਅਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰਾਣੀ 'ਸੰਪ੍ਰਦਾਇ-ਰਾਮਾਨੁਜੀ' ਕ੍ਰਿਸ਼ਨ ਭਗਤੀ ਤੋਂ ਵੱਖਰੀ 'ਰਾਮ ਭਗਤੀ ਸ਼ਾਖਾ' ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਅਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ।

ਇਸ ਤਰ੍ਹਾਂ ਕ੍ਰਿਸ਼ਨ ਭਗਤੀ ਜੋ ਭਗਤੀ ਮੱਤ ਦੀ ਪਹਿਲੀ ਪ੍ਰਚੱਲਿਤ ਪ੍ਰਣਾਲੀ ਸੀ, ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉੱਤਰੀ ਭਾਰਤ ਵਿਚ ਭਗਤ-ਮੰਡਲੀ ਦੀ ਪ੍ਰਥਮ ਸ਼ਖ਼ਸੀਅਤ ਸਨ। ਪਹਿਲਾਂ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਹਨਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਭਗਤੀ ਲਹਿਰ ਦੇ 15 ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ। ਸਤਿਗੁਰੂ ਰਵਿਦਾਸ ਜੀ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ 16 ਰਾਗਾਂ ਵਿਚ ਦਰਜ ਹੈ। ਕੁੱਲ ਬਾਣੀ ਇਕ ਸਲੋਕ ਸਮੇਤ 41 ਪਦੇ ਹਨ। ਪਦਿਆਂ ਵਿਚ ਵੱਖ-ਵੱਖ ਵਿਸ਼ੇ ਹਨ। ਸਭ ਤੋਂ ਵਿਲੱਖਣ ਚੀਜ਼ ਇਹ ਹੈ ਕਿ ਰਵਿਦਾਸ ਜੀ ਨੇ ਬੜੀ ਨਿਸੰਗਤਾ ਨਾਲ ਆਪਣੀ ਜਾਤੀ ਅਤੇ ਆਪਣੇ ਕਿੱਤੇ ਨੂੰ ਨਿਰਸੰਕੋਚ ਸ਼ਬਦਾਂ ਵਿਚ ਬਿਆਨ ਕੀਤਾ ਹੈ।

ਜਿਸ ਜਾਤੀ ਅਤੇ ਧੰਦੇ ਨੂੰ ਬਹੁਤ ਘਟੀਆ, ਨੀਚ ਅਤੇ ਭ੍ਰਿਸ਼ਟ ਮੰਨਿਆ ਜਾਂਦਾ ਸੀ, ਉਸ ਬਾਰੇ ਉਹ ਇਸ ਤਰ੍ਹਾਂ ਬਿਆਨ ਕਰਦੇ ਹਨ, 'ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥ ਲਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥ ਕਹਿ ਰਵਿਦਾਸ ਖਲਾਸ ਚਮਾਰਾ॥ ਲੋਗ ਗਠਾਵੈ ਪਨਹੀ॥'

ਸਤਿਗੁਰੂ ਰਵਿਦਾਸ ਜੀ ਨੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਤੇ ਉਸ ਰਾਹੀਂ, 'ਨਿਰੰਜਨ ਪਾਉਣ' ਦੇ ਅਹਿਸਾਸ ਵਰਣਨ ਕੀਤੇ ਹਨ। ਪ੍ਰੇਮਾ ਭਗਤੀ ਦੇ ਰਾਹ ਚੱਲ ਕੇ 'ਮਿਲ ਸਾਧ ਸੰਗਤ ਪਾਈ ਪਰਮ ਗਤੇ।' 'ਗੁਰ ਪ੍ਰਸਾਦਿ ਨਿਰੰਜਨ ਪਾਵਉ' ਦੇ ਸੰਕੇਤਾਂ ਰਾਹੀਂ ਦਰਸਾਇਆ ਹੈ ਕਿ ਮੈਂ ਇਹ ਉੱਚ ਪਦਵੀ ਕਿਵੇਂ ਪ੍ਰਾਪਤ ਕੀਤੀ ਹੈ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਆਏ ਦੋ ਵਿਚਾਰ ਅਧਿਆਤਮਕ ਪੱਖੋਂ ਬਹੁਤ ਮਹੱਤਤਾ ਰੱਖਦੇ ਹਨ। ਪਹਿਲਾ ਹੈ ਆਤਮ ਗਿਆਨ ਦਾ ਪ੍ਰਗਾਸ, ਦੂਜਾ ਹੈ ਪ੍ਰੇਮਾ ਭਗਤੀ ਦਾ ਗਿਆਨ ਦਾ ਪ੍ਰਕਾਸ਼ ਹੋ ਜਾਣ ਦੇ ਵੀ ਦੋ ਅਨੁਭਵ ਦੱਸੇ ਹਨ। ਇਕ ਗਿਆਨ ਦੀ ਉਪਜ ਦਾ, 'ਉਪਜਿਓ ਗਿਆਨ ਹੂਆ ਪ੍ਰਗਾਸ॥' ਦੂਸਰਾ ਹੈ ਗਿਆਨ ਦੇ ਹੋ ਜਾਣ ਕਾਰਨ ਕਿਰਮਾਂ ਦੇ ਨਾਸ਼' ਹੋ ਜਾਣ ਦਾ 'ਗਿਆਨ ਭਇਆ ਤਹ ਕਰਮਹ ਨਾਸੁ'।

ਗਿਆਨ ਪ੍ਰਾਪਤੀ ਦਾ ਸਾਧਨ ਉਹਨਾਂ ਸਾਧੂ-ਸੰਤਾਂ ਦੀ ਸੰਗਤ ਦੱਸਿਆ ਹੈ। 'ਸਾਧੂ ਕੀ ਮਨ ਲੇਹ ਓਟ' ਇਸ ਤੋਂ ਅੱਗੇ ਚੱਲ ਕੇ ਨਿਰੰਜਨ ਪ੍ਰਾਪਤੀ ਦਾ ਸਾਧਨ, ਗੁਰੂ ਪਾਰਬ੍ਰਹਮ ਦੀ ਕਿਰਪਾ ਨੂੰ ਮੰਨਿਆ ਹੈ। 'ਗੁਰੂ ਪ੍ਰਸਾਦਿ ਨਿਰੰਜਨ ਪਾਵਉ' ਪ੍ਰੇਮ ਭਾਵਨਾ ਹੀ, ਨਿਰੰਜਨ ਪ੍ਰਾਪਤੀ ਦਾ ਸਾਧਨ ਹੈ, ਜੋ ਸਾਧੂ ਸੰਤਾਂ ਦੀ ਸੰਗਤ ਤੇ ਗੁਰੂ ਕਿਰਪਾ ਤੋਂ ਪ੍ਰਾਪਤ ਹੁੰਦੀ ਹੈ। 'ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ ਭਾਵ ਬਿਨੁ ਭਗਤਿ ਨਹੀਂ ਹੋਈ ਤੇਰੀ॥'

ਪ੍ਰੇਮ ਭਾਵਨਾ ਦੀ ਭਾਵੇਂ ਕੋਈ ਸ਼ਕਲ ਜਾਂ ਸਰੂਪ ਨਹੀਂ ਹੈ, ਪਰ ਉਸਦੀ ਪਕੜ ਦੁਨਿਆਵੀ ਵਸਤਾਂ ਨਾਲੋਂ ਵੀ ਕਿਤੇ ਜ਼ਿਆਦਾ ਮਜ਼ਬੂਤ ਹੈ। ਪ੍ਰੇਮ ਦੀ ਸੰਗਲੀ ਕਦੀ ਟੁੱਟ ਨਹੀਂ ਸਕਦੀ। ਜੋ ਜਗਿਆਸੂ ਪ੍ਰੇਮ ਬੰਧਨ ਵਿਚ ਬੱਝਿਆ ਹੁੰਦਾ ਹੈ, ਤਾਂ ਉਹ ਅਰੂਪ ਪ੍ਰੀਤਮ ਜਿਸ ਦੀ ਕੋਈ ਸ਼ਕਲ ਨਹੀਂ ਹੁੰਦੀ ਉਹ ਵੀ ਪ੍ਰੇਮ ਬੰਧਨਾਂ ਤੋਂ ਬਚਿਆ ਨਹੀਂ ਰਹਿ ਸਕਦਾ। ਸਤਿਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪ੍ਰੇਮਾ ਭਗਤੀ ਨੂੰ ਮੁੱਖ ਪਹਿਲ ਦਿੱਤੀ ਹੈ। ਤੀਰਥਾਂ ਤੇ ਜਾਣ ਤੇ ਉਥੇ ਜਾ ਕੇ ਕਰਮ ਕਾਂਡੀ ਕਰਵਾਉਣ ਦੀਆਂ ਵਿਧੀਆਂ ਦੀ ਘੋਰ ਵਿਰੋਧਤਾ ਕੀਤੀ ਹੈ। ਨਿੰਦਕ ਦੀ ਵੀ ਘੋਰ ਵਿਰੋਧਤਾ ਕੀਤੀ ਹੈ ਤੇ ਦੱਸਿਆ ਹੈ ਕਿ ਨਿੰਦਕ ਦੀ ਸਮਾਜ ਵਿਚ ਕਿਤੇ ਵੀ ਕੋਈ ਥਾਂ ਨਹੀਂ ਹੈ:

''ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ।''

ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਾ ਛੋਹਿਆ ਜਾਣ ਵਾਲਾ ਭ੍ਰਿਸ਼ਟ ਪਾਣੀ ਸੁਰਸਰੀ ਵਿਚ ਮਿਲ ਕੇ ਪਵਿੱਤਰ ਹੋ ਜਾਂਦਾ ਹੈ, ਜਿਸ ਤਰ੍ਹਾਂ ਉਹ ਕਾਗਜ਼ ਜਿਸ ਉੱਤੇ ਪ੍ਰਭੂ ਗਤੀ ਲਿਖੀ ਹੁੰਦੀ ਹੈ, ਉਹ ਪੂਜਣਯੋਗ ਬਣ ਜਾਂਦਾ ਹੈ, ਜਿਸ ਮਾਨਵ ਦੇ ਹਿਰਦੇ ਵਿਚ ਪ੍ਰਭੂ ਵਾਸ ਕਰਦਾ ਹੈ, ਉਹ ਮਾਨਵ ਵੀ ਪੂਜਣਯੋਗ ਬਣ ਜਾਂਦਾ ਹੈ। 'ਹਰਿ ਜਪਤ ਤੇਊ ਜਨਾ' ਕਬੀਰ ਬਾਲਮੀਕ ਪੂਜਣਯੋਗ ਮੰਨੇ ਜਾਂਦੇ ਹਨ। ਪ੍ਰਭੂ ਦੇ ਨਾਮ ਦੇ ਕਾਰਨ ਹੀ, 'ਕਬੀਰ ਜੀ ਉਜਾਗਰ ਹੋਏ ਅਤੇ 'ਸਧਨਾ ਸੈਣ ਤੁਰੇ।'

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਪੌਰਾਣਿਕ ਪੰਥੀ ਭਗਤਾਂ ਦਾ ਵੀ ਵਰਣਨ ਹੈ। ਗੌਤਮ ਨਾਰ ਦੀ ਜੀਵਨੀ ਵੱਲ ਵੀ ਇਸ਼ਾਰਾ ਹੈ। ਇਨਸਾਨ ਦੀ ਮਾਇਆ ਪ੍ਰਾਪਤੀ ਵੱਲ ਵਧੀ ਰੁਚੀ, ਸਰੀਰ ਦੀ ਹਉਮੈ ਨੂੰ ਆਪਣੇ ਕਾਬੂ ਵਿਚ ਰੱਖ ਕੇ, ਸਰੀਰਕ ਸ਼ਕਤੀ ਨੂੰ ਸੰਭਾਲ ਕੇ ਵਰਤਣ ਦੀ ਪ੍ਰੇਰਨਾ ਵੀ ਦਿੱਤੀ ਹੈ। 'ਮਾਇਆ ਗਈ ਤਬ ਰੋਵਨੁ ਲਗਤ ਹੈ।' ਆਖਿਰ ਸਰੀਰ ਹੈ ਕੀ? ਇਕ ਪਾਣੀ ਦੀ ਕੱਚੀ ਕੰਧ। 'ਜਲ ਕੀ ਭੀਤਿ ਪਨ ਕਾ ਥੰਭਾ ਰਕਤ ਬੁੰਦ ਕਾ ਗਾਰਾ।' ਇਸ ਲਈ ਹੇ! ਮਾਨੁਸ਼ ਆਪਣੇ ਸਰੀਰ ਦਾ ਗਰਭ ਨਾ ਕਰ ਸਗੋਂ ਇਸ ਸਰੀਰ ਨੂੰ ਮਾਨਵ ਕਲਿਆਣ ਲਈ ਵਰਤ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ, ਸਭ ਲੋਕਾਈ ਦੇ ਕਲਿਆਣ ਦੀ ਤੜਪ ਹੈ। ਮਾਨਵਤਾ ਦੇ ਕਲਿਆਣ ਲਈ ਡੂੰਘੀ ਇੱਛਾ ਸ਼ਕਤੀ ਹੈ। ਪ੍ਰਮਾਤਮਾ ਨੂੰ ਸਾਖਿਆਤ ਕਰਨ ਲਈ ਵਿਸਮਾਦੀ ਅਨੁਭਵ ਹੈ। ਕਰਮਸ਼ੀਲਤਾ ਦੀ ਸਿੱਖਿਆ ਹੈ। ਸਮਾਜਿਕ ਦੁਸ਼ਵਾਰੀਆਂ ਅਤੇ ਰੁਕਾਵਟਾਂ ਉੱਤੇ ਯਕੀਨਨ ਵਿਜੇ ਪ੍ਰਾਪਤ ਕਰਨ ਦਾ ਸੰਦੇਸ਼ ਹੈ। ਰਵਿਦਾਸ ਜੀ ਦੀ ਕਲਾਕ੍ਰਿਤ ਵਿਚ ਇਕ ਜਗਿਆਸੂ ਭਗਤ ਲਈ, ਉਹਨਾਂ ਅਮੋਲਕ ਖਜ਼ਾਨਿਆਂ ਦੀ ਪੂੰਜੀ ਹੈ, ਜਿਨ੍ਹਾਂ ਦੀ ਕੀਮਤ ਮਾਨਵਤਾ ਦੇ ਦਰ ਤੇ ਕਦੀ ਘਟੇਗੀ ਨਹੀਂ। ਨਿਮਰਤਾ, ਹਲੀਮੀ, ਉਦਾਰਤਾ, ਖਿਮਾ, ਸਹਿਣਸ਼ੀਲਤਾ ਤੇ ਸਾਦਗੀ ਦੇ ਉਹ ਖਿੜੇ ਫੁੱਲ ਹਨ, ਜਿਨ੍ਹਾਂ ਦੀ ਮਹਿਕ ਕਦੇ ਪੁਰਾਣੀ ਨਹੀਂ ਹੋ ਸਕਦੀ। ਰਵਿਦਾਸ ਜੀ ਦੀ ਰਚਨਾ ਵਿਚ ਕਲਾ-ਕੌਸ਼ਲਤਾ, ਭਾਸ਼ਾ ਦੀ ਸੰਜਮਤਾ, ਭਾਵਾਂ ਦੀ ਨਿਰੂਪਣਤਾ ਦੇ ਪ੍ਰਪੱਕ ਉਦਾਹਰਨ ਦੇਖਣੇ ਹੋਣ ਤਾਂ ਨਿਮਨ ਦੋ ਸਤਰਾਂ ਹੀ ਕਾਫੀ ਹਨ, ਜਿਹਨਾਂ ਵਿਚ ਇਕੋ ਸਮੇਂ ਕਈ ਖਿਆਲ ਪਰੋ ਦਿੱਤੇ ਹਨ:

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥

ਕੰਨਾਂ ਦਾ ਰਸ ਹਿਰਨ ਨੂੰ, ਮੱਛੀ ਨੂੰ ਜੀਭ ਦਾ ਰਸ, ਪਤੰਗੇ ਨੂੰ ਅੱਖਾਂ ਦਾ, ਹਾਥੀ ਨੂੰ ਕਾਮ ਦਾ, ਸਾਰਿਆਂ ਲਈ ਇਕ ਇਕ ਵਿਕਾਰੀ ਰਸ, ਜੋ ਵਿਨਾਸ਼ ਦਾ ਕਾਰਨ ਬਣਦਾ ਹੈ, ਜਿਸ ਮਨੁੱਖ ਵਿਚ ਪੰਜ ਵਿਕਾਰੀ ਅਸਾਧ ਰੋਗ ਰਚੇ ਹੋਏ ਹਨ, ਉਸ ਦੇ ਬਚਣ ਦੀ ਕੀ ਆਸ ਹੈ, ਇਸੇ ਖ਼ਿਆਲ ਨੂੰ ਹੋਰ ਜਗ੍ਹਾ ਤੇ ਵੀ ਦੁਹਰਾਇਆ ਹੈ। ਇਹ ਪੰਜੇ ਮੈਨੂੰ ਪਲ-ਪਲ ਹਰੀ ਤੋਂ ਦੂਰ ਕਰ ਰਹੇ ਹਨ:-

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥

ਸਤਿਗੁਰੂ ਰਵਿਦਾਸ ਜੀ ਬੜੇ ਸਹਿਜ ਸੁਭਾਅ ਅਤੇ ਨਿਮਰਤਾ ਨਾਲ ਆਪਣੇ ਚਮੜਾ ਗੰਢਣ ਵਾਲੇ ਸੰਦਾਂ ਦਾ ਅਧਿਆਤਮਵਾਦੀ ਰੰਗਣ ਵਿਚ ਵਰਣਨ ਕਰਦੇ ਹਨ। ਆਪਣੇ ਕਿੱਤੇ ਦੀ ਅਜਿਹੀ ਅਧਿਆਤਮਕ ਵਿਆਖਿਆ ਵਿਦਵਾਨ ਮਹਾਂਪੁਰਸ਼ ਹੀ ਕਰ ਸਕਦਾ ਹੈ:-

ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥
ਆਰ ਨਹੀਂ ਜਿਹ ਤੋਪਉ॥ ਨਹੀਂ ਰਾਂਬੀ ਠਾਉ ਰੋਪਉ॥

ਸਤਿਗੁਰੂ ਰਵਿਦਾਸ ਜੀ ਦੀ ਰਚਨਾ ਵਿਚ ਬੜੀ ਸਰਲਤਾ ਤੇ ਵਿਚਾਰਾਂ ਦੀ ਬੜੀ ਸਪਸ਼ਟਤਾ ਹੈ। ਉਹ ਬੜੇ ਥੋੜ੍ਹੇ ਲਫ਼ਜ਼ਾਂ ਵਿਚ ਆਪਣੇ ਵਿਚਾਰ ਪ੍ਰਗਟਾ ਜਾਂਦੇ ਹਨ। ਕਈ ਥਾਂ ਤੇ ਕਮਾਲ ਦੇ ਸੰਜਮ ਭਰੇ ਖ਼ਿਆਲ ਹਨ। ਥੋੜ੍ਹੇ ਸ਼ਬਦਾਂ ਵਿਚ ਗਿਆਨ, ਵੈਰਾਗ, ਭਗਤੀ ਤੇ ਨਿਮਰਤਾ ਦੇ ਅਥਾਹ ਭੰਡਾਰ ਭਰੇ ਪਏ ਹਨ:

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜੰਤੁ ਪਰਸਹਿ ਨ ਪਰਸੈ॥

ਪੜ੍ਹਨ ਸੁਣਨ ਨਾਲ ਕੁਝ ਨਹੀਂ ਹੁੰਦਾ, ਜੋ ਪਾਰਸ ਵਾਂਗ ਲੋਹੇ ਤੋਂ ਸੋਨਾ ਬਣਾ ਦੇਣ ਦੀ ਪਰਸਣ ਵਾਲੀ ਛੋਹ ਕਰਦੀ ਹੈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਦੇਖਿਆਂ ਸ੍ਰੀ ਰਵਿਦਾਸ ਜੀ ਦਾ ਗਿਆਨ ਪ੍ਰਪੱਕਤਾ ਦੀ ਅਵਸਥਾ ਦੀ ਸਾਹਦੀ ਦਿੰਦੀ ਹੈ:-

ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨ ਭਇਆ ਤਹ ਕਰਮਹ ਨਾਸੁ॥

ਜਿਸ ਸਮੇਂ ਵਿਚ ਸਤਿਗੁਰੂ ਰਵਿਦਾਸ ਜੀ ਦਾ ਜਨਮ ਹੋਇਆ, ਉਸ ਸਮੇਂ ਨੂੰ ਭਾਰਤ ਦੇ ਇਤਿਹਾਸ ਵਿਚ ਮੱਧ-ਯੁੱਗ ਦਾ ਸਮਾਂ ਕਹਿੰਦੇ ਹਨ। ਇਸ ਮੱਧ-ਯੁੱਗ ਵਿਚ ਤੇ ਇਸ ਤੋਂ ਵੀ ਘਟੀਆ ਸਮਝਿਆ ਜਾਂਦਾ ਸੀ। ਇਹਨਾਂ ਜਾਤੀਆਂ ਵਿਚੋਂ ਕਿਸੇ ਨੂੰ ਵੀ ਸ਼ਾਸਤਰੀ ਗਿਆਨ ਜਾਂ ਸ਼ਸਤ੍ਰੀ ਗਿਆਨ ਪ੍ਰਾਪਤ ਕਰਨ ਦੀ ਸਜ਼ਾ ਮੌਤ ਦਿੱਤੀ ਜਾਂਦੀ ਸੀ। ਪ੍ਰਭੂ ਭਗਤੀ ਕਰਨੀ ਵੀ ਇਹਨਾਂ ਵਰਗਾਂ ਲਈ ਵੰਚਿਤ ਸੀ। ਪਤਾ ਲੱਗਣ ਤੇ ਪ੍ਰਭੂ ਭਗਤੀ ਦੀ ਸਜ਼ਾ ਸ੍ਰੀ ਰਾਮ ਚੰਦਰ ਜੀ ਵਰਗੇ ਨਿਆਂਸ਼ੀਲ ਅਵਤਾਰ ਵੀ ਉੱਚ ਜਾਤੀਆਂ ਵਾਲੀ ਮਰਿਆਦਾ ਪਾਲਣ ਤੋਂ ਪਿੱਛੇ ਨਹੀਂ ਹਟਦੇ ਸਨ, ਜਿਸ ਦਾ ਪ੍ਰਮਾਣ ਅਛੂਤ (ਸੰਬੂਕ) ਵੱਧ ਹੈ।

ਉਸ ਸਮੇਂ ਦੇਸ਼ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਹਾਲਤ ਬਹੁਤ ਬੁਰੀ ਸੀ। ਇਸ ਬੁਰੀ ਹਾਲਤ ਦਾ ਲੋਕਾਂ ਤੇ ਕੋਈ ਚੰਗਾ ਪ੍ਰਭਾਵ ਨਹੀਂ ਸੀ। ਸਭਨਾਂ ਕਿਸਮਾਂ ਦੀ ਮੰਦੀ ਦਸ਼ਾ ਦੀਆਂ ਜੜ੍ਹਾਂ, ਸਮਾਜਿਕ ਵਰਣ-ਵੰਡ ਦੀ ਜਟਿਲ ਅਵਸਥਾ ਵਿਚ ਸਨ। ਸਭ ਭਾਈਚਾਰਿਆਂ ਵਿਚ ਆਪਸੀ ਸਾਂਝ ਦੀ ਅਣਹੋਂਦ ਸੀ। ਜੇਕਰ ਇਕ ਵਰਗ ਨੂੰ ਕੋਈ ਮੁਸੀਬਤ ਪੈਂਦੀ ਤਾਂ ਦੂਸਰਾ ਵਰਗ ਉਸ ਦੀ ਮਦਦ ਲਈ ਮੈਦਾਨ ਵਿਚ ਨਾ ਆਉਂਦਾ, ਸਗੋਂ ਦੂਰ ਖੜ੍ਹੇ ਹੋ ਕੇ ਉਸ ਦਾ ਤਮਾਸ਼ਾ ਦੇਖਦਾ। ਮਾਨਵਤਾ ਦੀ ਕੋਈ ਸਾਂਝ ਨਹੀਂ ਸੀ। ਅਛੂਤ ਜਾਤੀਆਂ ਦਾ ਕੋਈ ਸਹਾਈ ਨਹੀਂ ਸੀ। ਹਵਾ ਤੱਕ ਦੇ ਛੋਹ ਕੇ ਆਉਂਦੇ ਬੁੱਲ੍ਹੇ ਵੀ ਕੁਲੀਨ ਜਾਤੀਆਂ ਨੂੰ ਭਿੱਟ ਚਾੜ੍ਹ ਜਾਂਦੇ ਸਨ। ਅਛੂਤ ਲੋਕਾਂ ਨੂੰ ਆਪਣੀ ਪਿੱਠ ਨਾਲ ਦਰਖਤ ਦੇ ਛਾਪੇ ਜਾਂ ਕੋਈ ਅਜਿਹੀ ਚੀਜ਼ ਬੰਨ੍ਹਣੀ ਪੈਂਦੀ ਸੀ ਜੋ ਰਸਤਿਆਂ ਤੇ ਚਲਦੇ ਸਮੇਂ ਉਹਨਾਂ ਦੇ ਪੈਰਾਂ ਦੇ ਨਿਸ਼ਾਨ ਮਿਟਾ ਦੇਵੇ, ਮਤਾ ਇਹ ਅਛੂਤਾਂ ਦੇ ਪਦ-ਚਿੰਨ੍ਹ ਕੁਲੀਨ ਸ਼੍ਰੇਣੀਆਂ ਨੂੰ ਭਿੱਟ ਨਾ ਚਾੜ੍ਹ ਦੇਣ।

ਵਰਣਾਂ ਦੀਆਂ ਜੜ੍ਹਾਂ ਵੇਦਾਂ ਵਿਚ ਹਨ। ਰਿਗਵੇਦ ਦੇ ਪੁਰਸ਼ ਸੂਕਤ ਦੇ ਇਕ ਮੰਤਰ ਭਾਵ ਇਸ ਤਰ੍ਹਾਂ ਹੈ:- ਬ੍ਰਾਹਮਣ ਪ੍ਰਭੂ ਦਾ ਮੂੰਹ ਹੈ, ਕਸ਼ਤਰੀ ਉਸ ਦੀਆਂ ਬਾਹਵਾਂ, ਜੋ ਵੈਸ਼ ਹਨ ਉਹ ਈਸ਼ਵਰ ਦਾ ਪੇਟ ਹਨ ਅਤੇ ਸ਼ੂਦਰ ਈਸ਼ਵਰ ਦੇ ਪੈਰਾਂ 'ਚੋਂ ਪੈਦਾ ਹੁੰਦੇ ਹਨ। ਮਨੂੰ ਸਿਮਰਤੀ ਕਹਿੰਦੀ ਹੈ: ਪ੍ਰਮਾਤਮਾ ਨੇ ਸ਼ੂਦਰਾਂ ਨੂੰ ਕੇਵਲ ਇਕੋ ਕੰਮ ਸੌਂਪਿਆ ਹੈ ਕਿ ਉਹ ਤਿੰਨਾਂ ਵਰਣਾਂ (ਬ੍ਰਾਹਮਣ, ਖੱਤਰੀ ਤੇ ਵੈਸ਼) ਦੀ ਤਨ, ਮਨ ਨਾਲ ਸੇਵਾ ਕਰਨ।

ਸਾਡੇ ਧਾਰਮਿਕ ਗ੍ਰੰਥ, ਧਰਮ ਸ਼ਾਸਤਰ ਵੀ ਅਛੂਤਾਂ ਨਾਲ ਦੁਰਵਿਵਹਾਰ ਦਾ ਹੀ ਸੰਦੇਸ਼ ਦਿੰਦੇ ਸਨ ਕਿ ਅਛੂਤ ਭ੍ਰਸ਼ਟ ਤੇ ਨਖਿੱਧ ਹਨ। ਇਹਨਾਂ ਨੂੰ ਲਤਾੜ ਕੇ ਥਾਂ ਸਿਰ ਰੱਖਣਾ, ਨੀਚ ਸਮਝ ਕੇ ਧਿਰਕਾਰਨ ਦਾ ਅਧਿਕਾਰ ਸ਼ੁਭ ਕਰਮ ਜਾਣਿਆ ਜਾਂਦਾ ਸੀ। ਇਸ ਮਾਨਤਾ ਨੂੰ ਤੋੜਨਾ ਬਹੁਤ ਹੀ ਅਸੰਭਵ ਜਾਪਦਾ ਸੀ।

ਅਜਿਹੇ ਘੋਰ ਅੰਨਿਆ ਕਾਰੀ ਸਮਾਜ ਦੀ, ਸੋਚਾਂ ਅਤੇ ਵਿਚਾਰਾਂ ਦੀ ਦੁਨੀਆਂ ਵਿਚ ਪ੍ਰਭੂ ਭਗਤੀ ਕਰਨਾ ਹੀ ਇਕ ਸਮਾਜਿਕ ਇਨਕਲਾਬ ਲਿਆਉਣਾ ਸੀ। ਇਸ ਤਰ੍ਹਾਂ ਪ੍ਰਭੂ ਭਗਤੀ ਦਾ ਸਾਹਸ ਪੈਦਾ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਹਨਾਂ ਜਾਤੀਆਂ ਵਿਚ ਇਕ 'ਧਾਰਮਿਕ ਸਾਧਕ' ਦਾ ਸਭ ਤੋਂ ਲਤਾੜੀ ਤੇ ਪੱਛੜੀ ਜਾਤੀ ਵਿਚੋਂ ਉਠ ਕੇ ਸ਼ੋਹਰਤ ਦੀਆਂ ਬੁਲੰਦੀਆਂ ਤੇ ਪਹੁੰਚਣਾ ਕੋਈ ਸਧਾਰਨ ਗੱਲ ਨਹੀਂ ਸੀ। ਫਿਰ ਉਸ ਨੂੰ ਗੁਰੂ ਸਾਹਿਬਾਨ ਦਾ ਨਿਵਾਜਣਾ ਤੇ ਉਹਨਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨਾ ਇਕ ਮਹਾਨ ਕਾਰਜ ਸੀ। ਇਸ ਤਰ੍ਹਾਂ ਦੇ ਹਾਲਾਤ ਵਿਚ ਸੰਤ ਰਵਿਦਾਸ ਜੀ ਦਾ ਭਗਤੀ ਦੇ ਕਾਰਜ ਵਿਚ ਜੁਟ ਜਾਣਾ ਇਕ ਬਹੁਤ ਵੱਡਾ ਕਰਮ ਹੈ। ਇਹ ਸਭ ਕੁਝ ਉਹਨਾਂ ਨੇ ਕਰ ਦਿਖਾਇਆ। ਸਮਾਜਿਕ ਮਾਨਤਾ ਦੇ ਸਾਰੇ ਸਹਿਮਾਂ ਦੀ ਭੂਮੀ ਤੋੜ ਕੇ ਨਵੀਂ ਸਥਾਪਨਾ ਦੇ ਸਿੰਘਾਸਨ ਉੱਤੇ ਸਤਿਗੁਰੂ ਰਵਿਦਾਸ ਜੀ ਦਾ ਬੈਠਣਾ ਇਕ ਦਿਲਚਸਪ ਘਟਨਾ ਹੈ। ਅਛੂਤ ਜਾਤੀ ਦੇ ਇਸ ਪ੍ਰਭੂ ਭਗਤ ਦੇ ਦਰ 'ਤੇ ਉੱਚ ਕੁਲੀਨ ਵਰਗ ਦੇ ਮਹਾਨ ਸਪੂਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆ ਵਰਾਜਣਾ, ਇਕ ਚਮਤਕਾਰੀ ਵਰਤਾਰਾ ਹੈ। ਜਿਸ ਮਹਾਨ ਆਤਮਾ ਦੀ ਜਗਤ ਨੂੰ ਛੋਹ ਪਾਰਸ ਵਾਂਗ ਸੋਨਾ ਬਣਾਉਂਦੀ ਸੀ, ਜਿਸ ਰਵਿਦਾਸ ਦੀ ਛੋਹ ਤੋਂ ਭਿੱਟ ਚੜ੍ਹਦੀ ਸੀ, ਜਦੋਂ ਉਸ ਦੀ ਝੁੱਗੀ ਦੇ ਪਾਸ ਆਹਟ ਹੋਈ, ਰਵਿਦਾਸ ਜੀ ਦੇ ਬਾਗ-ਬਾਗ ਹੋ ਗਏ, ਹਿਰਦੇ ਵਿਚੋਂ ਸ਼ੁਕਰਾਨੇ ਦੀ ਭਾਵਨਾ ਜਾਗ ਉਠੀ, ਰਵਿਦਾਸ ਜੀ ਦੇ ਮਨ ਦੇ ਭਾਵ ਸ਼ਬਦ ਬਣ ਗਏ। ਸ਼ਬਦਾਂ ਦੀ ਧੁਨੀ ਨੇ ਬਾਣੀ ਦਾ ਰੂਪ ਧਾਰਨ ਕਰ ਲਿਆ:-

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥

ਜਦੋਂ-ਜਦੋਂ ਵੀ ਰਵਿਦਾਸ ਜੀ ਉਸ ਪਾਰਬ੍ਰਹਮ ਗੁਰੂ ਦੇ ਸ਼ੁਕਰਾਨੇ ਵਿਚ ਆਉਂਦੇ ਸਨ ਤਾਂ ਇਹ ਸ਼ਬਦ ਗਾਉਂਦੇ ਸਨ। ਸਤਿਗੁਰੂ ਰਵਿਦਾਸ ਜੀ ਦੀ ਪ੍ਰਭੂ ਭਗਤੀ ਤੇ ਜੀਵਨ ਘਾਲਣਾ ਦਾ ਫਲ ਨਿਕਲਿਆ ਤਾਂ ਉਸ ਪਾਰਬ੍ਰਹਮ ਗੁਰੂ ਦੀ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਈ। ਉਸ ਪ੍ਰਾਪਤੀ ਦਾ ਪ੍ਰਗਟਾ ਹੋਇਆ, ਗਿਆਨ ਦਾ ਪ੍ਰਗਾਸ ਹੋਇਆ ਤੇ ਆਤਮਾ ਤ੍ਰਿਪਤ ਹੋਈ:-

ਗੁਰ ਪਰਸਾਦਿ ਨਿਰੰਜਨ ਪਾਵਉ॥
ਉਪਜਿਓ ਗਿਆਨ ਹੂਆ ਪਰਗਾਸ॥
ਜਬ ਹਮ ਹੋਤੇ ਤਬ ਤੂੰ ਨਾਹੀ ਅਬ ਤੂਹੀ ਮੈਂ ਨਾਹੀ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ''
ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ॥

ਮੇਰੀ ਜਾਤੀ ਦਾ ਕੰਮ ਮਰੇ ਹੋਏ ਪਸ਼ੂ ਢੋਣਾ ਹੈ। ਪਰ ਪ੍ਰਭੂ ਭਗਤੀ ਦੀ ਤਾਕਤ ਨਾਲ ਇਸ ਚਮਾਰ ਦੇ ਤਨ ਨੂੰ ਦੇਖੋ, ਕੁਲੀਨ ਬ੍ਰਾਹਮਣ ਵੀ ਨਮਸਕਾਰ ਕਰਦੇ ਹਨ। ਇਸ ਤਰ੍ਹਾਂ ਸਤਿਗੁਰੂ ਰਵਿਦਾਸ ਜੀ ਨੇ ਆਪਣੀ ਜਾਤੀ ਬਾਰੇ ਨੰਗਾ ਸੱਚ ਕਹਿ ਕੇ ਸਾਰੀ ਜਾਤੀ ਨਾਲ ਸਦੀਆਂ ਤੋਂ ਚਿੰਬੜਿਆ ਹੋਇਆ ਪਛੜਵਾਂ, ਕੁੰਜ ਵਾਂਗ ਲਾਹ ਕੇ ਪਿੱਛੇ ਸੁੱਟ ਦਿੱਤਾ। ਇਸ ਤਰ੍ਹਾਂ ਚਮਾਰ ਜਾਤੀ 'ਰਵਿਦਾਸੀਆ' ਬਣ ਗਈ। ਸਦੀਆਂ ਦੀ ਹੀਣਤਾ ਦੀ ਭਾਵਨਾ ਇਕ ਹਸਤੀ ਨੇ ਆਪਣੀ ਸਾਧਨਾ ਨਾਲ ਲਾਹ ਸੁੱਟੀ।

ਜਾਤੀ ਦੇ ਕਰਤਵ ਪ੍ਰਤੀ ਹੀਣ ਭਾਵਨਾ ਪੈਦਾ ਕਰਨ ਵਾਲੇ ਅਨਾਦਰੀ ਵਰਤਾਓ- 'ਦਾਰਿਦ ਦੇਖ ਸਭ ਕਉ ਹਸੈ' ਦੇ ਬੋਲਾਂ ਤੇ ਘਿਰਣਾ ਭਰੀਆਂ ਤੱਕਣੀਆਂ ਦੇ ਉਲਟ ਸਤਿਕਾਰ ਪੈਦਾ ਕਰ ਦਿੱਤਾ। 'ਆਚਾਰ ਸਹਿਤ ਬਿਪ ਡੰਡ-ਉਤ' ਕਰਨ ਲੱਗੇ। ਇਹ ਵੱਡਾ ਸਮਾਜਿਕ ਪਲਟਾ ਦੁਨੀਆਂ ਦੇ ਲੋਕਾਂ ਨੇ, ਜਾਤ ਅਭਿਮਾਨੀ ਪੰਡਿਆਂ ਦੇ ਗੜ੍ਹ, ਵਰਨਾਂ ਆਸ਼ਰਮਾਂ ਤੇ ਕਰਮ ਕਾਂਡਾਂ ਦੀ ਕੰਡਿਆਲੀਆਂ ਵਾੜਾਂ ਵਿਚ, ਵੇੜ੍ਹੇ, ਨਗਰ, ਬਨਾਰਸ ਵਿਚ ਵਰਤੀਦਾ ਦੇਖਿਆ, ਦੁਨੀਆਂ ਨੇ ਰਵਿਦਾਸ ਜੀ ਦਾ ਜੱਸ ਕੰਨੀ ਸੁਣਿਆ। ਉਹਨਾਂ ਦੱਸਿਆ ਪ੍ਰੇਮਾ ਭਗਤੀ ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ, ਜਗਿਆਸੂ ਭਾਵੇਂ ਕਿਸੇ ਜਾਤ ਵਿਚੋਂ ਹੋਵੇ, ਉਸ ਅੰਦਰ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾਂ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਉੱਤੇ ਪੁੱਜ ਸਕਦਾ ਹੈ:

ਜਿਹ ਕੁਲ ਸਾਧ ਬੈਸਨੌ ਹੋਇ॥
ਬਰਨ ਅਬਰਨ ਰੰਕ ਨਹੀਂ ਈਸੁਰ ਬਿਮਲ ਬਾਸੁ ਜਾਨੀਐ ਜਗਿ ਸੋਇ॥
ਬ੍ਰਹਮਨ ਬੈਸ ਸੂਦ ਅਰੁ ਖੵਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥
ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥
ਜਿਨਿ ਪੀਆ ਸਾਰ ਰਸ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ॥
ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥

(ਬਾਕੀ ਅਗਲੇ ਸਫੇ 'ਤੇ)

# ‘ਐਸੀ ਲਾਲ ਤੁਝ ਬਿਨੁ ਕਉਨੁ ਕਰੈ।’

(ਸਫਾ 14 ਦੀ ਬਾਕੀ)

ਸਤਿਗੁਰੂ ਰਵਿਦਾਸ ਜੀ ਨੂੰ ਭਗਤੀ ਦੀ ਚੇਤਨਾ ਵੱਲ ਖਿੱਚਣ ਲਈ ਸਭ ਤੋਂ ਪਹਿਲਾ ਅਹਿਸਾਸ ਪੌਰਾਣਿਕ ਕਾਲ ਦੇ ਭਗਤਾਂ ਦੀ ਸਮਾਜ ਵਿਚ ਮਾਨਤਾ ਅਤੇ ਲੋਭਾਂ ਤੋਂ ਜਾਗਿਆ। ਇਸ ਦਾ ਪ੍ਰਮਾਣ ਨਿਮਨ-ਲਿਖਤ ਸੱਤਰਾਂ ਤੋਂ ਦੇਖਿਆ ਜਾ ਸਕਦਾ ਹੈ:-

ਰੇ ਚਿਤ ਚੇਤਿ ਚੇਤ ਅਚੇਤ। ਕਾਹੇ ਨ ਬਾਲਮੀਕਹਿ ਦੇਖ।।<br>
ਨਿਸੁ ਜਾਤਿ ਤੇ ਕਿਹ ਪਦਮ ਅਮਰਿਓ ਰਾਮ ਭਗਤਿ ਬਿਸੇਖ।।<br>
ਸੁਆਨ ਸਤ੍ਰ ਅਜਾਤ ਸਭ ਤੇ ਕ੍ਰਿਸਨ ਲਾਵੈ ਹੇਤੁ।।<br>
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ।।<br>
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।।<br>
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ।।

ਸਤਿਗੁਰੂ ਰਵਿਦਾਸ ਜੀ ਨੂੰ ਭਗਤੀ ਕਰਨ ਦੀ ਪ੍ਰੇਰਨਾ ਆਪਣੇ ਸਮਕਾਲੀ ਭਗਤਾਂ ਤੋਂ ਵੀ ਮਿਲੀ। ਉਹਨਾਂ ਦੀ ਫੈਲ ਰਹੀ ਪ੍ਰਸਿੱਧੀ ਤੇ ਸੋਭਾ ਨੇ ਵੀ ਉਹਨਾਂ ਨੂੰ ਪ੍ਰਭੂ-ਭਗਤੀ ਵੱਲ ਖਿੱਚਿਆ। ਇਸ ਦੀ ਉਦਾਹਰਣ ਵੀ ਨਿਮਨ-ਲਿਖਤ ਸੱਤਰਾਂ ਤੋਂ ਮਿਲਦੀ ਹੈ:

ਰੇ ਚਿਤ ਚੇਤਿ ਚੇਤ ਅਚੇਤ। ਕਾਹੇ ਨ ਬਾਲਮੀਕਹਿ ਦੇਖ।।<br>
ਨਿਸੁ ਜਾਤਿ ਤੇ ਕਿਹ ਪਦਮ ਅਮਰਿਓ ਰਾਮ ਭਗਤਿ ਬਿਸੇਖ।।<br>
ਸੁਆਨ ਸਤ੍ਰ ਅਜਾਤ ਸਭ ਤੇ ਕ੍ਰਿਸਨ ਲਾਵੈ ਹੇਤੁ।।<br>
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ।।<br>
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।।<br>
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ।।

ਸਤਿਗੁਰੂ ਰਵਿਦਾਸ ਜੀ ਨੂੰ ਭਗਤੀ ਕਰਨ ਦੀ ਪ੍ਰੇਰਨਾ ਆਪਣੇ ਸਮਕਾਲੀ ਭਗਤਾਂ ਤੋਂ ਵੀ ਮਿਲੀ। ਉਹਨਾਂ ਦੀ ਫੈਲ ਰਹੀ ਪ੍ਰਸਿੱਧੀ ਤੇ ਸ਼ੋਭਾ ਨੇ ਵੀ ਉਹਨਾਂ ਨੂੰ ਪ੍ਰਭੂ ਭਗਤੀ ਵੱਲ ਖਿੱਚਿਆ। ਇਸ ਦੀ ਉਦਾਹਰਣ ਵੀ ਨਿਮਨ-ਲਿਖਤ ਸੱਤਰਾਂ ਤੋਂ ਮਿਲਦੀ ਹੈ:

ਹਰਿ ਕੇ ਨਾਮ ਕਬੀਰ ਉਜਾਗਰ।। ਜਨਮ ਜਨਮ ਕੇ ਕਾਟੇ ਕਾਗਰ।।<br>
ਨਿਮਤ ਨਾਮਦੇਉ ਦੂਧ ਪੀਆਇਆ।। ਤਉ ਜਗ ਜਨਮ ਸੰਕਟ ਨਹੀਂ ਆਇਆ।।<br>
ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨੁ ਤਰੈ।।<br>
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਸਤਿਗੁਰੂ ਰਵਿਦਾਸ ਜੀ ਦੇ ਮਨ ਵਿਚ ਕਈ ਤਰ੍ਹਾਂ ਦੇ ਪ੍ਰਸ਼ਨ ਉੱਠਣ ਲੱਗੇ। ਜਿਹਨਾਂ ਮਹਾਨ ਸ਼ਖਸੀਅਤਾਂ ਬਾਰੇ ਉਕਤ ਜ਼ਿਕਰ ਕੀਤਾ ਹੈ, ਉਹਨਾਂ ਨੂੰ ਕਿਸ ਚੀਜ਼ ਨੇ ਉਭਾਰਿਆ ਹੈ? ਪ੍ਰੇਮਾ ਭਗਤੀ ਨੇ, ਉਹ ਪ੍ਰੇਮਾ ਭਗਤੀ ਕਿਵੇਂ ਜਾਗੀ? ਮਨ ਦੀਆਂ ਗੰਢਾਂ ਤੇ ਸੰਸੇ ਕਿਵੇਂ ਖੁੱਲ੍ਹਣ? 'ਰਾਮ ਸੰਸੇ ਗਾਂਠ ਨ ਖੋਲੇ'। ਇਸ ਤਰ੍ਹਾਂ ਦੇ ਪ੍ਰਸ਼ਨ ਭਗਤ ਜੀ ਦੇ ਮਨ ਅੰਦਰ ਉੱਠਣ ਲੱਗੇ। ਆਤਮਕ ਸੰਘਰਸ਼ ਹੋਣਾ ਸ਼ੁਰੂ ਹੋਇਆ। ਉਹਨਾਂ ਦੇ ਮਨ ਦੀ ਉਦਾਸੀ ਉਹਨਾਂ ਲਈ ਸੰਤਾਪ ਦੇ ਰੂਪ ਵਿਚ ਉਭਰਦੀ ਰਹੀ, ਜਦੋਂ ਤੱਕ ਉਹਨਾਂ ਨੇ ਜਗਤ ਗੁਰੂ ਪਾਰਬ੍ਰਹਮ ਜੀ ਤੋਂ ਨਾਮ ਪ੍ਰਾਪਤ ਨਾ ਕਰ ਲਿਆ। ਪ੍ਰਾਪਤੀ ਪਿੱਛੋਂ ਸਤਿਗੁਰੂ ਨੂੰ ਸਿੱਧਾ ਸੰਬੋਧਨ ਕੀਤਾ, ਇਹ ਭਾਵਨਾ ਉਹਨਾਂ ਰਚਿਤ ਵਾਕਾਂ ਤੋਂ ਇਸ ਤਰ੍ਹਾਂ ਸਪਸ਼ਟਹੁੰਦੀ ਹੈ:

ਤੁਮ ਕਹੀਅਤ ਹੋ ਜਗਤ ਗੁਰ ਸੁਆਮੀ।।<br>
ਹਮ ਕਹੀਅਤ ਕਲਿਜੁਗ ਕੇ ਕਾਮੀ।।

ਸਭਨਾਂ ਦੇ ਦੁੱਖ ਹਰਨ ਵਾਲੇ ਹਰੀ ਮੇਰੇ ਉਪਰ ਛਾਇਆ ਕੋਪ ਹਰੋ, ਮੈਨੂੰ ਮਾਰਗ ਪਾਵੋ:

ਪਰਹਰਿ ਕੋਪੁ ਕਰਹੁ ਜੀਅ ਕਾਇਆ।।

ਰਵਿਦਾਸ ਜੀ ਦੇ ਅੰਦਰ ਪ੍ਰੇਮਾ ਭਗਤੀ ਜਾਗੀ, ਪਾਰਬ੍ਰਹਮ ਗੁਰੂ ਦੀ ਆਹਟ ਅੰਦਰੋਂ ਮਹਿਸੂਸ ਕੀਤੀ। ਸਤਿ ਸੰਗਤ ਪ੍ਰੇਮਾ ਭਗਤੀ ਜਗਾਉਣ ਦਾ ਸਾਧਨ ਬਣਿਆ, ਇਸ ਨਾਲ ਸਿਮਰਨ ਦਾ ਰਸ ਆਉਣ ਲੱਗਿਆ: 'ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।।' ਪਾਰ ਬ੍ਰਹਮ ਦੀ ਕਿਰਪਾ ਨਾਲ ਹਿਰਦੇ ਪ੍ਰਕਾਸ਼ ਹੋਇਆ: 'ਸਤਿਗੁਰੂ ਗਿਆਨ ਜਾਨੈ ਸੰਤ ਦੇਵਾ ਦੇਤੁ।।' ਮਨ ਵਿਚੋਂ ਪਾਰਬ੍ਰਹਮ ਗੁਰੂ ਨੇ ਅਗਿਆਨਤਾ ਹਟਾ ਦਿੱਤੀ, ਆਤਮਾ ਨੂੰ ਪ੍ਰਕਾਸ਼ ਦੇ ਨੂਰ ਨਾਲ ਭਰ ਦਿੱਤਾ:

ਉਪਜਿਓ ਗਿਆਨ ਹੂਆ ਪਰਗਾਸ।।<br>
ਕਰਿ ਕ੍ਰਿਪਾ ਲੀਨੇ ਕੀਟ ਦਾਸ।।

ਪ੍ਰੇਮਾ ਭਗਤੀ ਵਿਚ ਪ੍ਰੀਤ ਪੱਕੀ ਹੋਈ, ਦ੍ਰਿੜਤਾ ਆਈ, ਜਗਿਆਸਾ ਵਧੀ, ਪ੍ਰਭੂ ਦਾ ਪ੍ਰੇਮ ਜੀਵਨ ਦਾ ਆਧਾਰ ਬਣ ਗਿਆ। ਆਨੰਦ ਦੀ ਪ੍ਰਾਪਤੀ ਲਈ ਜੀਵਨ ਦਾ ਪਲ-ਪਲ, ਛਿਨ-ਛਿਨ ਅਰਪਣ ਕਰ ਦਿੱਤਾ, ਕਿਵੇਂ ਪਾਰਬ੍ਰਹਮ ਗੁਰੂ ਦੀ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਵੇ, ਇਹੋ ਟੀਚਾ ਸਾਹਮਣੇ ਰਹਿ ਗਿਆ:

ਤਨ ਮਨੁ ਅਰਪਉ ਪੂਜ ਚਰਾਵਉ।।<br>
ਗੁਰ ਪਰਸਾਦਿ ਨਿਰੰਜਨ ਪਾਵਉ।।

ਪਾਰਬ੍ਰਹਮ ਗੁਰੂ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਈ, ਉਹਨਾਂ ਦੇ ਬਚਨਾਂ ਦੀ ਅੰਦਰੋਂ ਆਵਾਜ਼ ਆਈ, 'ਬਚਨੀ ਤੋਰਿ ਮੋਰਿ ਮਨ ਮਾਨੈ' ਰਵਿਦਾਸ ਜੀ ਦੀ ਰੂਹ ਧੰਨਵਾਦੀ ਭਾਵਾਂ ਨਾਲ ਝੂੰਮ ਉਠੀ ਕ੍ਰਿਤੱਗਤਾ ਦੀ ਧੁਨੀ ਗੂੰਜ ਪਈ:

ਜਾ ਕੀ ਛੋਤ ਜਗਤ ਕਉ ਲਾਗੇ ਤਾ ਪਰ ਤੁਹੀ ਢਰੈ।

ਕਾਮ ਕ੍ਰੋਧ ਆਦਿ ਸੰਸਾਰਕ ਪਦਾਰਥਾਂ ਦੇ ਰਸਾਂ ਵਿਚ ਗ੍ਰਸਤ ਹੋਏ ਮਨੁੱਖਾਂ ਵਿਚ ਉਹਨਾਂ ਸਮਝਿਆ ਗਿਆਨ ਦੀਪ ਦੀ ਲੋਅ ਮੱਧਮ ਪੈ ਜਾਂਦੀ ਹੈ। ਅਵਿਦਿਆ ਕਾਰਨ ਮਤ ਮਲੀਨ ਰਹਿ-ਂਦੀ ਹੈ। ਗੁਰੂ ਬਖਸ਼ੇ ਗਿਆਨ ਨਾਲ ਮਨ ਨਿਰਮਲ ਹੁੰਦਾ ਹੈ। ਸੁਮੱਤ ਮਿਲਦੀ ਹੈ,ਤੱਤ ਸਮਝਣ ਦੀ ਜਾਚਨਾ ਵਰ ਆਉਂਦੀ ਹੈ:-

ਮਲਕ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਏ।<br>
ਕਰਹੁ ਕ੍ਰਿਪਾ ਭ੍ਰਮ ਚੂਕਈ ਮੈਂ ਸੁਮਤਿ ਦੇਹੁ ਸਮਝਾਇ।।

ਸਤਿਗੁਰੂ ਰਵਿਦਾਸ ਜੀ ਦੇ ਸਿਮਰਨ ਧਿਆਨ ਅਤੇ ਸਾਰਥਕ ਭਗਤੀ ਦੀ ਜੁਗਤ ਪ੍ਰਾਪਤ ਹੋਣ ਤੋਂ ਪਾਰਬ੍ਰਹਮ ਨਾਲ ਅਭੇਦਤਾ ਹੋ ਗਈ। ਅਧਿਆਤਮਕ ਸਾਧਨਾਂ ਵਿਚ ਸਾਰਾ ਜੀਵਨ ਇਕ ਸਵਰ ਹੋ ਗਿਆ:

‘ਭਗਤਿ ਜੁਗਤਿ ਮਤਿ ਸੁਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ।।’

ਸਾਧਨਾ ਨਾਲ ਮਿਲਿਆ ਅਮੋਲਕ ਪਦਾਰਥ, ਨਾਮ, ਸਤਿਨਾਮ, ਜਿਸ ਸਤਿਨਾਮ ਦੀ ਅਰਾਧਨਾ, ਤੀਰਥ ਅਸਥਾਨ, ਪੂਜਾ ਅਰਚਾ, ਦੀਵਾ, ਬਾਤੀ ਫੁੱਲ ਮਾਲਾ, ਕ੍ਰਿਆ ਕਰਮਾਂ ਸਭਨਾਂ ਤੋਂ ਵਧੇਰੇ ਹੈ:

ਦਸਅਠਾ ਅਠਸਠੇ ਚਾਰੇ ਖਾਣੀ ਏਹੈ ਵਰਤਣਿ ਹੈ ਸਗਲ ਸੰਸਾਰੇ।।<br>
ਕਹੈ ਰਵਿਦਾਸ ਨਾਮੁ ਤੇਰੋ ਆਰਤੀ ਸਤਿਨਾਮ ਹੈ ਹਰਿ ਭੋਗ ਤੁਹਾਰੇ।।

ਰਸਮ ਅਨੁਸਾਰ ਆਰਤੀ ਸਮੇਂ ਫੁੱਲ ਮਾਲਾ ਤੇ ਹੋਰ ਸਮੱਗਰੀ ਦੇਵਤੇ ਨੂੰ ਚੜ੍ਹਾਈ ਜਾਂਦੀ ਹੈ, ਰਵਿਦਾਸ ਜੀ ਨੂੰ ਕਿਸੇ ਮੰਦਰ ਵਿਚ ਜਾ ਕੇ ਇਹ ਸਮੱਗਰੀ ਕਿਸ ਨੇ ਭੇਟ ਕਰਨ ਦੀ ਆਗਿਆ ਦੇਣੀ ਸੀ? ਉਨ੍ਹਾਂ ਮਨ ਨੂੰ ਹੀ ਆਪਣਾ ਮੰਦਰ ਬਣਾ ਲਿਆ। ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ, ਪਰਮ ਸੱਚ ਤੇ ਸੁੱਚਾ ਸਤਿਨਾਮ ਨੂੰ ਕਿਸ ਚੀਜ਼ ਦੀ ਪੂਜਾ ਚੜ੍ਹਾਵਾ- 'ਗੋਬਿੰਦ ਪੂਜਾ ਕਹਾਲੇ ਚੜਾਵਉ'? ਉਹ ਸੁਆਮੀ ਤਾਂ ਸਭਨਾਂ ਘਟਾਂ ਵਿਚ ਵਸਦਾ ਤੇ ਸਭ ਵਸਤਾਂ ਆਪ ਭੋਗਦਾ ਹੈ:-

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।।<br>
ਕਹਿ ਰਵਿਦਾਸ ਹਾਥ ਪੈ ਨੇਰੈ ਸਹਸੇ ਹੋਇ ਸੁ ਹੋਈ।

ਇਕੋ ਨਾਮ 'ਸਤਿਨਾਮ' ਪ੍ਰਾਣ ਆਧਾਰ ਬਣ ਗਿਆ:

ਮੋਹਿ ਆਧਾਰੁ ਨਾਮੁ ਨਾਰਾਇਣ ਜੀਵਨ ਪ੍ਰਾਨ ਧਨ ਮੋਰੇ।।

ਸਾਧੂ-ਸੰਤਾਂ ਦੀ ਸੰਗਤ ਨਾਲ ਪਰਮ ਗਤੀ ਪ੍ਰਾਪਤ ਹੋਈ। ਉਹਨਾਂ ਦੀ ਕਿਰਪਾ ਨਾਲ ਨਰਕ-ਸੁਰਗ ਦੇ ਭਰਮ ਜਾਂਦੇ ਰਹੇ। ਉਹਨਾਂ ਆਪਣੇ ਅਨੁਭਵੀ, ਨਿਰਮਲ ਭਾਵਾਂ ਨੂੰ ਵਾਕ ਬਣਾ ਕੇ ਗਾਉਣਾ ਆਰੰਭ ਕੀਤਾ:

ਜਨ ਰਵਿਦਾਸ ਰਾਮ ਰੰਗਿ ਰਾਤਾ।।<br>
ਇਉਂ ਗੁਰ ਪਰਸਾਦਿ ਨਰਕ ਨਹੀਂ ਜਾਤਾ।।

ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਵਿਚ ਅਡੋਲਤਾ ਆ ਗਈ। ਇਸ ਅਡੋਲਤਾ ਪਿੱਛੇ ਉਹਨਾਂ ਪਾਸ ਆਪਣੀ ਜ਼ਿੰਦਗੀ ਦਾ ਵਿਸ਼ਾਲ ਤਜਰਬਾ ਤੇ ਪ੍ਰਭੂ ਪ੍ਰਾਪਤੀ ਸੀ। ਉਹਨਾਂ ਨੇ ਪਰਲੋਕਿਕ ਸੁੱਖ ਦੀ ਪ੍ਰਾਪਤੀ ਦਾ ਅਹਿਸਾਸ ਕੀਤਾ, ਉਸ ਰਾਹੀਂ ਆਪਣੀ ਘਾਲਣਾ ਨੂੰ ਪ੍ਰਾਣੀ ਮਾਤਰ ਲਈ ਉਪਲਬਧ ਕਰਾਇਆ, ਸਭਨਾਂ ਲਈ ਸਦੀਵੀ ਸੁੱਖਾਂ ਦੀ ਪ੍ਰਾਪਤੀ ਦਾ ਝਰੋਖਾ ਖੋਲ੍ਹਿਆ।

ਰਵਿਦਾਸ ਜੀ ਨੇ ਇਹ ਜੁਗਤ, ਪ੍ਰਭੂ ਭਗਤੀ ਤੇ ਉਸ ਪਾਰਬ੍ਰਹਮ ਦੀ ਕਿਰਪਾ ਨਾਲ ਪ੍ਰਾਪਤ ਕੀਤੀ। ਰਵਿਦਾਸ ਜੀ ਤੇ ਉਸ ਪਾਰਬ੍ਰਹਮ ਦੀ ਕਿਰਪਾ ਦਾ ਪ੍ਰਭਾਵ ਉਹਨਾਂ ਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਤੇ ਉਸ ਤੋਂ ਬਾਹਰ ਪ੍ਰਾਪਤ ਬਾਣੀ ਵਿਚ ਬੜੇ ਸਪਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ। ਰਵਿਦਾਸ ਜੀ ਦੀ ਇਸ ਪ੍ਰਾਪਤੀ ਨੂੰ ਤੇ ਉਹਨਾਂ ਦਾ ਸਮੁੱਚੀ ਮਾਨ-ਵਤਾ ਨੂੰ ਦਿੱਤਾ ਗਿਆ ਸੰਦੇਸ਼ ਨਿਮਨ-ਲਿਖਤ ਪਦੇ ਤੋਂ ਸਾਫ ਪ੍ਰਗਟ ਹੁੰਦਾ ਹੈ:-

ਬੇਗਮਪੁਰਾ ਸਹਰ ਕੋ ਨਾਉ।।<br>
ਦੂਖ ਅੰਦੋਹ ਨਹ ਤਿਹਿ ਠਾਉ।।<br>
ਨਾ ਤਸਵੀਸ ਖਿਰਾਜੁ ਨ ਮਾਲੁ।। ਖ<br>
ਵੂਫੁ ਨ ਖਤਾ ਨ ਤਰਸੁ ਜਵਾਲੁ।।<br>
ਅਬ ਮੋਹਿ ਖੂਬ ਵਤਨ ਗਹ ਪਾਈ।।<br>
ਉਹਾਂ ਖੈਰਿ ਸਦਾ ਮੇਰੇ ਭਾਈ।।<br>
ਕਾਇਮੁ ਦਾਇਮੁ ਸਦਾ ਪਤਿਸਾਹੀ।।<br>
ਦੋਮ ਨੇ ਸੇਮ ਏਕ ਸੋ ਆਹੀ।।<br>
ਆਬਾਦਾਨੁ ਸਦਾ ਮਸਹੂਰ।।<br>
ਊਹਾਂ ਗਨੀ ਬਸਹਿ ਮਾਮੂਰ।।<br>
ਤਿਉ ਤਿਉ ਸੈਲ ਕਰਹਿ ਜਿਉ ਭਾਵੈ।।<br>
ਮਰਹਮ ਮਹਲ ਨ ਕੋ ਅਟਕਾਵੈ।।<br>
ਕਹਿ ਰਵਿਦਾਸ ਖਲਾਸ ਚਮਾਰਾ।।<br>
ਜੋ ਹਮ ਸਹਰੀ ਸੁ ਮੀਤੁ ਹਮਾਰਾ।।

ਸਤਿਗੁਰੂ ਰਵਿਦਾਸ ਜੀ ਇਸ ਪਦੇ ਵਿਚ ਕਹਿੰਦੇ ਹਨ ਕਿ ਹੇ ਜੀਵ ਭਾਵ ਮਾਨਵ ਮੇਰੇ ਵਿਚ ਸਦੀਵੀ ਅਡੋਲਤਾ ਆ ਗਈ ਹੈ, ਮੇਰੀ ਭਟਕਣਾ ਖਤਮ ਹੋ ਗਈ ਹੈ। ਮੈਨੂੰ ਗਮਾਂ ਤੋਂ ਰਹਿਤ ਅਜਿਹੇ ਬੇਗਮਪੁਰੇ ਰੂਹਾਨੀ ਸ਼ਹਿਰ ਦਾ ਵਾਸ ਪ੍ਰਾਪਤ ਹੋਇਆ ਹੈ, ਜਿੱਥੇ ਕੋਈ ਉੱਚਾ ਨੀਵਾਂ, ਦੋਇਮ, ਸੇਮ ਨਹੀਂ ਹੈ। ਕੋਈ ਘਬਰਾਹਟ ਨਹੀਂ ਹੈ। ਉਥੇ ਕੋਈ ਟੈਕਸ (ਖਿਰਾਜ) ਨਹੀਂ ਹੈ। ਉਥੇ ਸਦਾ ਸੁੱਖ ਹੈ, ਖੈਰੀਅਤ ਹੈ। ਉਸ ਸ਼ਹਿਰ ਵਿਚ ਨਾਮ ਦੀ ਕਮਾਈ ਵਾਲੇ ਧਨੀ ਲੋਕਾਂ ਦੀ ਆਬਾਦੀ ਹੈ।

ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ, ਉਹ ਮੇਰਾ ਸ਼ਹਿਰ ਹੈ, ਉਹ ਟਿਕਾਣਾ ਹੈ, ਜਿੱਥੇ ਮੈਂ ਜਿਉਂ-ਜਿਉਂ ਸੈਰ ਕਰਦਾ ਹਾਂ, ਮੇਰਾ ਮਨ ਲੱਗਦਾ ਹੈ। ਜੋ ਉਸ ਸ਼ਹਿਰ ਵਿਚ ਨਾਮ ਦੀ ਸੰਪਤੀ ਵਾਲੇ ਹਨ, ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਉਹ ਮੇਰੇ ਹਮ ਸ਼ਹਿਰੀ ਹਨ, ਮਿੱਤਰ ਹਨ।

ਸਤਿਗੁਰੂ ਸੈਣ ਜੀ ਰਚਿਤ- 'ਕਬੀਰ ਰਵਿਦਾਸ ਸੰਵਾਦ' ਇਕ ਪੁਰਾਤਨ ਰਚਨਾ ਹੈ। ਸੈਵ ਜੀ, ਰਵਿਦਾਸ ਜੀ ਤੇ ਕਬੀਰ ਜੀ ਦੇ ਸਮਕਾਲੀ ਵੀ ਸਨ। ਇਸ ਰਚਨਾ ਵਿਚ ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਰਵਿਦਾਸ ਜੀ ਦੀ ਨਿਰਗੁਣ ਅਤੇ ਸਰਗੁਣ ਭਗਤੀ ਪ੍ਰਾਪਤੀ ਚਰਚਾ ਬੜੀ ਉੱਚ ਪਾਏ ਦੀ ਹੈ। ਦੋਹਾਂ ਭਗਤਾਂ ਦੇ ਇਕ ਦੂਸਰੇ ਉਪਰ ਨਿਰਗੁਣ ਅਤੇ ਸਰਗੁਣ ਬਾਰੇ ਵਿਚਾਰਾਂ ਦੇ, ਇਕ ਦੂਸਰੇ ਉਪਰ ਪ੍ਰਸ਼ਨ ਤੇ ਉਤਰ ਹਨ। ਰਵਿਦਾਸ ਜੀ ਅਵਤਾਰਵਾਦ ਦੇ ਹੱਕ ਵਿਚ ਆਪਣੇ ਵਿਚਾਰ ਉਭਾਰਦੇ ਹਨ ਅਤੇ ਕਬੀਰ ਜੀ ਅਵਤਾਰਵਾਦ ਦਾ ਵਿਰੋਧ ਕਰਦੇ ਹਨ। ਦੋਹਾਂ ਦਾ ਸੰਵਾਦ ਸੁਣਨ ਅਤੇ ਰਚਣ ਵਾਲੇ ਹਨ ਸ੍ਰੀ ਸੈਣ ਜੀ। ਸ੍ਰੀ ਰਾਮ ਚੰਦਰ ਜੀ ਬਾਰੇ ਨਿਮਨ ਕੁਝ ਪੰਕਤੀਆਂ ਹਨ। ਕਬੀਰ ਜੀ ਕਹਿੰਦੇ ਹਨ:-

ਸੁਨ ਰਵਿਦਾਸ ਉਹ ਰਾਜਾ ਕਹੀਐ,<br>
ਕਰਣ ਕਾਰਣ ਉਹੀ ਨਾਹੀ।<br>
ਅਦ੍ਰਿਸ਼ਟ ਅਗੋਚਰ ਦ੍ਰਿਸ਼ਟਿ ਨਾ ਆਵੈ,<br>
ਗੁਪਤ ਰਹੇ ਮਨ ਮਾਹੀਂ।

ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ ਨੂੰ ਪ੍ਰਸ਼ਨ ਕਰਦੇ ਹਨ:

ਸੁਨ ਕਬੀਰ ਰਵਿਦਾਸ ਕਰਹੂ ਹੈ,<br>
ਤੁਮ ਕਹੀਅਰੁ ਬ੍ਰਹਮ ਗਿਆਨੀ।<br>
ਬ੍ਰਹਮ ਬ੍ਰਹਮ ਕਰ ਭਰਮ ਭੁਲਾਨੇ ਤਤੁ ਬਸਤ ਨਹੀਂ ਜਾਨੀ।<br>
ਤਤੁ ਹਮਾਰੋ ਨੰਦ ਕੇ ਨੰਦਨ, ਪ੍ਰਗਟ ਭਏ ਜਗ ਮਾਹੀ।<br>
ਤੁਮਰਾ ਬ੍ਰਹਮ ਕਿਨੈ ਨਹੀਂ ਦੇਖਿਆ?<br>
ਤੁਮ ਲਾਜ ਮਰਤ ਕਿਓ ਨਹੀਂ।

ਉਕਤ ਸੰਵਾਦ ਤੋਂ ਸਾਬਤ ਹੁੰਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਅਵਤਾਰਵਾਦੀ ਵਿਚਾਰਾਂ ਦੇ ਸਨ। ਇਸ ਅਵਸਥਾ ਤੇ ਇਹ ਉਹਨਾਂ ਦਾ ਪ੍ਰੇਮਾ-ਭਗਤੀ ਦਾ ਆਰੰਭਕ ਦੌਰ ਤੇ ਬਾਅਦ ਵਿਚ ਆਪਣੇ ਵਿਸ਼ਾਲ ਬੌਧਿਕ ਵਿਕਾਸ ਬਾਅਦ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਨਿਰਗੁਣਵਾਦ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ, ਨਿਰਗੁਣਵਾਦੀ ਬਣ ਗਏ। ਸਤਿਗੁਰੂ ਕਬੀਰ ਦਾਸ ਜੀ ਉਹਨਾਂ ਤੋਂ ਕਾਫੀ ਸਮਾਂ ਪਹਿਲਾਂ ਨਿਰਗੁਣਵਾਦੀ ਬਣ ਚੁੱਕੇ ਸਨ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਬਾਰੇ ਚਰਚਾ ਕਰਦਿਆਂ, ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਹਨਾਂ ਦੀ ਬਾਣੀ ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ ਹੈ। ਉਹ ਭਗਤੀ ਲਹਿਰ ਦੇ ਸਿਰਮੌਰ ਗੁਰੂ ਭਗਤਾਂ ਵਿਚ ਸ਼ਾਮਲ ਹਨ। ਉਹਨਾਂ ਨੇ ਉਸ ਪਾਰਬ੍ਰਹਮ ਨੂੰ ਹੀ ਆਪਣਾ ਗੁਰੂ ਮੰਨਿਆ। ਉਹਨਾਂ ਨੇ ਆਪਣੀ ਦਾਰਸ਼ਨਿਕਤਾ ਨਾਲ ਇਸ 'ਭਗਤੀ ਲਹਿਰ' ਨੂੰ 'ਲੋਕ ਲਹਿਰ' ਤੋਂ ਵੀ ਅੱਗੇ 'ਸ਼ਕਤੀ ਲਹਿਰ' ਵਿਚ ਬਦਲ ਦਿੱਤਾ।

ਉਹ ਅਛੂਤ ਤੇ ਸ਼ੂਦਰ ਲੋਕ ਜਿਹਨਾਂ ਨੂੰ ਰੱਬ ਦੀ ਭਗਤੀ ਤੇ ਉਪਾਸਨਾ ਕਰਨ ਦਾ ਅਧਿਕਾਰ ਨਹੀਂ ਸੀ ਤੇ ਸਦੀਆਂ ਤੋਂ ਇਸ ਅਧਿਕਾਰ ਤੇ 'ਬ੍ਰਾਹਮਣਵਾਦ' ਦਾ ਏਕਾ ਅਧਿਕਾਰ ਸੀ, ਨੂੰ ਤੋੜ ਦਿੱਤਾ ਤੇ ਇਹ ਸਾਬਤ ਕਰ ਦਿੱਤਾ ਕਿ 'ਪ੍ਰੇਮਾ-ਭਗਤੀ' ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ ਹੈ। ਜਗਿਆਸੂ ਭਾਵੇਂ ਕਿਸੇ ਵੀ ਜਾਤ ਵਿਚੋਂ ਹੋਵੇ, ਉਸ ਵਿਚ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾਂ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਤੇ ਆਪਣੇ 'ਸੁਤੰਤਰ ਚਿੰਤਨ' ਨਾਲ ਪਹੁੰਚ ਸਕਦਾ ਹੈ।

ਸਤਿਗੁਰੂ ਰਵਿਦਾਸ ਜੀ ਜਾਤ-ਪਾਤ ਤੇ ਛੂਤ-ਛਾਤ ਦਾ ਰੱਜ ਕੇ ਵਿਰੋਧ ਕਰਦੇ ਹਨ ਤੇ ‘ਸਮਾਜਿਕ ਬਰਾਬਰੀ’ ਦਾ ਹੱਕ ਲੈਣ ਲਈ ਬ੍ਰਾਹਮਣਵਾਦ ਤੇ ਹੋਰ ਜਾਤੀ ਅਭਿਮਾਨੀਆਂ ਨੂੰ ਲਲਕਾਰਦੇ ਹਨ। ਅੰਧ-ਵਿਸ਼ਵਾਸਾਂ, ਕਰਮਕਾਂਡਾਂ ਤੇ ਸਮਾਜਿਕ ਕੁਰੀਤੀਆਂ ਦਾ ਵੀ ਵਿਰੋਧ ਕਰਦੇ ਹਨ। ਮਾਨਵਤਾ ਨੂੰ ਉਸ ਪਾਰਬ੍ਰਹਮ ਦੀ ਪ੍ਰਾਪਤੀ ਲਈ 'ਸੁਤੰਤਰ ਚਿੰਤਨ' ਦਾ ਸਿਧਾਂਤ ਵੀ ਦਿੰਦੇ ਹਨ ਤੇ ਇਹ ਵੀ ਆਖਦੇ ਹਨ ਕਿ ਇਸ ਲਈ ਕਿਸੇ ਉੱਚ ਜਾਤੀ ਦੇ ਰਹਿਬਰ ਦੀ ਵਿਚੋਲਗੀ ਦੀ ਜ਼ਰੂਰਤ ਨਹੀਂ ਹੈ।

ਉਹਨਾਂ ਦੇ ਜੀਵਨ ਨਾਲ ਕਈ ਕਰਾਮਾਤਾਂ ਵੀ ਜੁੜੀਆਂ ਹੋਈਆਂ ਹਨ, ਜਿਹੜੀਆਂ ਕਿ ਕੇਵਲ ਮਿੱਥਾਂ ਹੀ ਹਨ, ਜਿਹਨਾਂ ਨੂੰ ਅਜੋਕੇ ਵਿਗਿਆਨਕ ਯੁੱਗ ਵਿਚ ਯਥਾਰਥਵਾਦੀ ਨਹੀਂ ਮੰਨਿਆ ਜਾ ਸਕਦਾ। ਇਹ ਕਰਾਮਾਤਾਂ ਸਿਰਫ ਉਹਨਾਂ ਦੇ ਸ਼ਰਧਾਲੂਆਂ ਦੀਆਂ ਹੀ ਜੋੜੀਆਂ ਹੋ ਸਕਦੀਆਂ ਹਨ। ਉਹਨਾਂ ਦਾ ਮਾਨਵਵਾਦ 'ਬੇਗਮਪੁਰਾ ਦੇ ਸੰਕਲਪ ਨਾਲ, ਮਨੁੱਖ ਨੂੰ ਮਾਨਵਵਾਦ ਦਾ ਸੰਦੇਸ਼ ਦੇ ਕੇ ਸਿਖਰਾਂ ਤੇ ਪਹੁੰਚ ਜਾਂਦਾ ਹੈ।

ਸਿੱਖ ਗੁਰੂ ਸਾਹਿਬਾਨ ਜੀ ਨੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੂੰ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਵਿਚ ਦਰਜ ਕਰਕੇ ਨਿਵਾਜਿਆ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ 'ਸ਼ਬਦ ਗੁਰੂ ਦਾ ਰੁਤਬਾ ਦਿੱਤਾ। ਇਸ ਨਾਲ ‘ਸਮਾਜਿਕ ਬਰਾਬਰੀ’, ‘ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ’ ਤੇ ਸਰਬੱਤ ਦਾ ਭਲਾ ਜੋ ਗੁਰਮਤਿ ਦੇ ਕੌਮਾਂਤਰੀ ਸਿਧਾਂਤ ਹਨ ਤੇ ਮੋਹਰ ਲੱਗਦੀ ਹੈ। ਇਸ ਤਰ੍ਹਾਂ 'ਗੁਰਮਤਿ ਦੇ ਸਿਧਾਂਤਾਂ' ਦੀਆਂ ਜੜ੍ਹਾਂ ਨੂੰ ਬੜੇ ਸਪਸ਼ਟ ਰੂਪ ਵਿਚ ‘ਭਗਤੀ ਲਹਿਰ’ ਵਿਚ ਦੇਖਿਆ ਜਾ ਸਕਦਾ ਹੈ। ਸਤਿਗੁਰੂ ਰਵਿਦਾਸ ਜੀ ਦੀਆਂ ਮਾਨਵਤਾ ਨੂੰ ਦਿੱਤੀਆਂ ਸਿੱਖਿਆਵਾਂ ਤੇ ‘ਜੀਵਨ ਜਾਂਚ ਦੇ ਸਿਧਾਂਤ’ ਸਦਾ ਮਾਨਵਤਾ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਉਹਨਾਂ ਦੇ ਜਨਮ ਦਿਵਸ 'ਤੇ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਵਧਾਈ ਹੋਵੇ।

## 'ਬੰਦਾ ਸਿੰਘ ਬਹਾਦਰ'

ਜਦ 'ਬੰਦੇ' ਲਛਮਣ ਦਾਸ ਨੇ,<br>
ਇਕ ਹਿਰਨੀ ਦਾ ਕੀਤਾ ਸ਼ਿਕਾਰ।<br>
ਉਹਦੇ ਪੇਟੋਂ ਦੋ ਬੱਚੇ ਵਿਚੋਂ ਨਿਕਲੇ,<br>
ਉਹਨੇ ਕੀਤਾ ਜਦ ਚੀਰ ਫਾੜ।<br>
ਅੱਖਾਂ ਸਾਹਮਣੇ ਤੜਫਦੇ ਮਰ ਗਏ,<br>
ਜੋ ਨਾ 'ਬੰਦੇ' ਤੋਂ ਹੋਏ ਸਹਾਰ।<br>
ਇਹਨੂੰ ਐਸਾ ਪਛਤਾਵਾ ਹੋਇਆ,<br>
'ਬੰਦਾ' ਛੱਡਕੇ ਆਪਣਾ ਘਰ-ਬਾਰ।<br>
ਸੰਗਤ ਸਾਧੂਆਂ ਦੀ ਕਰਨ ਲੱਗਿਆ,<br>
'ਜਾਨਕੀ' ਦਾਸ ਦਾ ਹੋਇਆ ਸੇਵਾਦਾਰ।<br>
ਉਹਨੇ ਨਾਮ ਬਦਲ ਕੇ 'ਮਾਧੋ ਦਾਸ' ਰੱਖਤਾ,<br>
ਲੱਗੇ ਤੁਰ ਫਿਰਕੇ ਕਰਨ ਪ੍ਰਚਾਰ।<br>
ਮਾਧੋ ਫਿਰ 'ਰਾਮ ਥੰਮਣ' ਡੇਰੇ ਪਹੁੰਚਿਆ,<br>
ਜਿਥੇ ਅਨੇਕਾਂ ਮੰਡਲੀਆਂ ਕੀਤਾ ਉਤਾਰ।<br>
ਫਿਰ 'ਮਾਧੋ', ਜੋਗੀ 'ਔਘੜ' ਨਾਥ ਦੇ,<br>
ਕਹਿੰਦੇ ਆ ਗਿਆ ਵਿੱਚ ਦਰਬਾਰ।<br>
ਇਥੇ ਰਿੱਧੀਆਂ ਸਿੱਧੀਆਂ ਸਿੱਖੀਆਂ,<br>
ਇਹਨਾਂ ਵਿੱਚ ਹੋ ਗਿਆ ਪੂਰਾ ਮਾਹਿਰ।<br>
ਫਿਰ ਇਥੋਂ ਚਾਲੇ ਪਾਏ ਦਿੱਤੇ,<br>
ਜਦ ‘ਔਘੜ ਨਾਥ’ ਛੱਡ ਗਿਆ ਸੰਸਾਰ।<br>
‘ਮਾਧੋ’ ਨੇ ਨੰਦੇੜ ਨੇੜੇ ਕੁਟੀਆ ਪਾ ਲਈ,<br>
ਜ਼ੋ ਗ ਈ ਮੱਠ ਦਾ ਰੂਪ ਧਾਰ।<br>
ਇਥੇ ਲੋਕ ਆਉਣ ਲੱਗ ਪਏ,<br>
ਕਹਿੰਦੇ ਦੂਰੋਂ ਦੂਰੋਂ ਬੇਸ਼ੁਮਾਰ।<br>
'ਮਾਧੋ' ਐਨਾ ਮਸ਼ਹੂਰ ਹੋ ਗਿਆ,<br>
ਇਹਨੂੰ ਹੋ ਗਿਆ ਬਹੁਤ ਹੰਕਾਰ।<br>
ਜਦ ਪਤਾ ਲੱਗਾ ‘ਗੁਰੂ ਗੋਬਿੰਦ’ ਨੂੰ,<br>
ਡੇਰੇ ‘ਮਾਧੋ’ ਦੇ ਗਿਆ ਪਧਾਰ।<br>
‘ਮਾਧੋ’ ਦੇ ਜਾ ਪਲੰਘ ਤੇ ਬੈਠ ਗਿਆ,<br>
ਚੇਲੇ ‘ਮਾਧੋ’ ਦੇ ਹੈਰਾਨ ਬੇਸ਼ੁਮਾਰ।<br>
ਸਿੰਘਾਂ ਵੈਸ਼ਨੂੰ ਡੇਰੇ ਦੇਗਾ ਚਾੜ੍ਹਿਆ,<br>
ਭੋਜਨ ਕਰਨ ਲ ਈ ਕਰ ਸ਼ਿਕਾਰ।<br>
ਚੇਲੇ ਭੱਜੇ ਗ ਏ ਕੋਲ ‘ਮਾਧੋ’ ਦਾਸ ਦੇ,<br>
ਸਾਰੀ ਦੱਸੀ ਗੱਲ ਉਚਾਰ।<br>
‘ਮਾਧੋ ਦਾਸ’ ਜਦ ਡੇਰੇ ਪਹੁੰਚਿਆ,<br>
ਦਰਸ਼ਨ ਹੋਣ ਤੇ ਗੁੱਸਾ ਫਰਾਰ।<br>
‘ਮਾਧੋ’ ਵਿੱਚ ਪਲਾਂ ਦੇ ਬਦਲਿਆ,<br>
ਸਾਂਝੇ ‘ਗੁਰੂ’ ਨਾਲ ਕਰ ਵਿਚਾਰ।<br>
ਕਹਿੰਦਾ ਮੈਂ ਤੇਰਾ ‘ਬੰਦਾ’ ਬਖ਼ਸ਼ ਦਿਉ,<br>
ਅੱਜ ਤੋਂ ਤੁਹਾਡਾ ਹਾਂ ਆਗਿਆਕਾਰ।<br>
‘ਮਾਧੋ’ ‘ਗੁਰੂ’ ਦਾ ਸਿੰਘ ਸਜ ਗਿਆ,<br>
ਉਹਨੇ ਸਿੱਖੀ ਲਈ ਫਿਰ ਧਾਰ।<br>
‘ਗੁਰੂ’ ਨੇ ਸਾਰੀ ਗੱਲ ਸਮਝਾ ਦਿੱਤੀ,<br>
ਕਿਵੇਂ ਹੋ ਰਿਹਾ ਅਤਿਆਚਾਰ।<br>
ਕਿਵੇਂ ਸ਼ਹੀਦ ਕੀਤਾ ‘ਗੁਰੂਆਂ’ ਨੂੰ,<br>
ਕਿਵੇਂ ਬੱਚੇ ਚਿੱਣੇ ਨੀਹਾਂ ਵਿੱਚਕਾਰ।<br>
‘ਬੰਦੇ’ ਦਾ ਸੁਣਕੇ ਖ਼ੂਨ ਖੌਲਿਆ,<br>
ਅੱਖਾਂ ਚਮਕਣ ਵਾਂਗ ਅੰਗਿਆਰ।<br>
‘ਗੁਰੂ’ ਨੇ ਤੋਰਿਆ 'ਬੰਦਾ' ਪੰਜਾਬ ਨੂੰ,<br>
ਹਰ ਪੱਖੋਂ ਕਰਕੇ ਤਿਆਰ-ਬਰ-ਤਿਆਰ।<br>
ਬੰਦੇ ਨੇ ਇਕੱਠੇ ਕਰਲੈ ਸਿੱਖ ਸੂਰਮੇ,<br>
ਸਾਰੇ ਗੁਰੂ ਹੁਕਮ ਅਨੁਸਾਰ।<br>
ਦੁਸ਼ਮਣ ਦੀਆਂ ਜੜ੍ਹਾਂ ਹਿਲਾ ਤੀਆਂ,<br>
ਐਸੀ ਕੀਤੀ ਮਾਰੋ-ਮਾਰ।<br>
ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ,<br>
ਸਾਰੇ ਮੱਚ ਗਈ ਹਾਹਾਕਾਰ।<br>
ਕਈ ਸ਼ਾਹੀ ਖਜ਼ਾਨੇ ਲੁੱਟ ਲਏ ,<br>
ਨਾਲੇ ਲੁੱਟੇ ਖ਼ੂਬ ਹਥਿਆਰ।<br>
ਕ ਈ ਰਾਜਾਂ ਤੇ ਕਬਜ਼ਾ ਕਰ ਲਿਆ ,<br>
ਮੁਖੀ ਬਣਾਏ ਸਿੰਘ ਸਰਦਾਰ।<br>
ਇਕ ਦਿਨ ਦੁਸ਼ਮਣ ਦੇ ਕਾਬੂ ਆ ਗਿਆ,<br>
ਭਾਵੇਂ ਬੰਦਾ ਸਿੰਘ ਸੀ ਤੇਜ ਤਰਾਰ।<br>
ਦੁਸ਼ਮਣ ਨੇ ਨਾਲ ਜੰਬੂਰਾਂ ਨੋਚਿਆ,<br>
ਜਦ ਈਨ ਮੰਨਣ ਤੋਂ ਕੀਤਾ ਇੰਨਕਾਰ।<br>
‘ਮੇਜਰ’ ਬੇਹੱਦ ਤਸੀਹੇ ਦੇਕੇ,<br>
‘ਬੰਦਾ’ ਸ਼ਹੀਦ ਕੀਤਾ ਆਖਰਕਾਰ।

**ਮੇਜਰ ਸਿੰਘ 'ਬੁਢਲਾਡਾ'**<br>
94176 42327

# ਸਪਤਾਹਿਕ ਰਵਿਦਾਸ ਪੱਤ੍ਰਿਕਾ ਅਤੇ ਆਦਿ-ਧਰਮ ਮੰਡਲ ਲਹਿਰ



ਗੁਰਮੀਤ ਕੱਲਰਮਾਜਰੀ (ਡਾ.)
94178-65377

**ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ (ਮੌਲਿਕ ਲਿਖਤਾਂ) ਦੇ ਧੰਨਵਾਦ ਸਹਿਤ**

ਸਪਤਾਹਿਕ ਰਵਿਦਾਸ ਪੱਤ੍ਰਿਕਾ 615 ਐਲ, ਮਾਲ ਰੋਡ, ਮਾਡਲ ਟਾਊਨ ਜਲੰਧਰ ਤੋਂ 1970 'ਚ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਜਿਸ ਦਾ ਮੁੱਖ ਸੰਪਾਦਕ ਸ੍ਰੀ ਮੰਗੂ ਰਾਮ ਜਸਪਾਲ ਸੀ ਜਿਸ ਦਾ ਰਜਿ. ਨੰਬਰ 19494/70 ਸੀ। ਇਸ ਪੱਤ੍ਰਿਕਾ ਦਾ ਜਿਵੇਂ ਨਾਂ ਹੀ 'ਰਵਿਦਾਸ ਪੱਤ੍ਰਿਕਾ' ਹੈ-ਇਹ ਆਪਣੇ ਉਦੇਸ਼ ਵਿਚ ਵੀ ਗੁਰੂ ਰਵਿਦਾਸ ਜੀਵਨ ਦਰਸ਼ਨ ਅਤੇ ਉਸ ਦੇ ਪ੍ਰਸਾਰ ਪ੍ਰਚਾਰ ਨਾਲ ਸਬੰਧਤ ਰਿਹਾ ਹੈ। ਇਹ ਰਵਿਦਾਸ ਪੱਤ੍ਰਿਕਾ ਹੀ ਹੈ ਜਿਸ ਦੀ ਮਿਹਨਤ ਸਦਕਾ ਪੰਜਾਬ ਦੇ ਹਰ ਪਿੰਡ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਸ੍ਰੀ ਗੁਰੂ ਰਵਿਦਾਸ ਦੇ ਨਾਂ ਉਪਰ ਗੁਰੂ ਘਰ/ਮੰਦਿਰ ਬਣਨੇ ਸ਼ੁਰੂ ਹੋਏ। ਜਿਸ ਕੌਮ ਕੋਲ ਕੋਈ ਸੰਚਾਰ ਦਾ ਸਾਧਨ ਨਹੀਂ ਹੁੰਦਾ, ਉਸ ਦੇ ਇਤਿਹਾਸ ਸਾਹਿਤ, ਸਭਿਆਚਾਰ ਦੀ ਜਾਣਕਾਰੀ ਅਧੂਰੀ ਰਹਿ ਜਾਂਦੀ ਹੈ। ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਮੁਢਲੇ ਤੌਰ 'ਤੇ "ਆਦਿ-ਡੰਕਾ" (1927) ਅਤੇ 'ਰਵਿਦਾਸ ਪੱਤ੍ਰਕਾ' (1970) ਦੇ ਕਾਰਨ ਸੈਂਕੜੇ ਸਾਹਿਤਕਾਰ ਅਤੇ ਪੱਤਰਕਾਰ ਪੈਦਾ ਹੋਏ।


ਸਪਤਾਹਿਕ ਰਵਿਦਾਸ ਪੱਤ੍ਰਕਾ ਦੇ ਮੁੱਖ ਸੰਪਾਦਕ ਸ੍ਰੀ ਮੰਗੂ ਰਾਮ ਜਸਪਾਲ ਦਾ ਜਲੰਧਰ ਤੋਂ ਲਗਭਗ 15 ਕੁ ਕਿਲੋਮੀਟਰ ਦੂਰ ਨਕੋਦਰ ਕਸਬੇ ਦੇ ਨੇੜੇ ਇਕ ਪਿੰਡ 'ਚ ਇਕ ਸਾਧਾਰਨ ਕਿਰਤੀ ਪਰਿਵਾਰ 'ਚ ਹੋਇਆ। ਉਸ ਸਮੇਂ ਪਿੰਡਾਂ 'ਚ ਗਰੀਬ ਦਲਿਤ ਵਰਗ ਦੇ ਬੰਦਿਆਂ ਨੂੰ ਪਿੰਡਾਂ 'ਚ ਖੇਤ ਮਜ਼ਦੂਰ ਵਜੋਂ ਦਿਹਾੜੀ 'ਤੇ ਜਾਣਾ ਪੈਂਦਾ ਸੀ। ਇਸ ਵਿਚ ਘਰ ਦੀਆਂ ਔਰਤਾਂ ਵੀ ਸ਼ਾਮਲ ਹੁੰਦੀਆਂ ਸਨ। ਜਵਾਨੀ ਦੀ ਉਮਰ 'ਚ ਮੰਗੂ ਰਾਮ ਨੂੰ 'ਆਦਿ-ਧਰਮ' ਦੀਆਂ ਨਕੋਦਰ ਅਤੇ ਉਸ ਦੇ ਨੇੜੇ ਤੇੜੇ ਹੋਣ ਵਾਲੀਆਂ ਰੈਲੀਆਂ ਦੀ ਜਾਣਕਾਰੀ ਮਿਲੀ। ਸ੍ਰੀ ਗੁਰੂ ਰਵਿਦਾਸ ਵਿਚ ਵਿਸ਼ਵਾਸ ਅਤੇ ਆਦਿ-ਧਰਮ ਲਈ ਮਰਦਮ ਸ਼ੁਮਾਰੀ ਜਾਂ ਹੋਰ ਮੌਕਿਆਂ ਉਪਰ ਆਪਣੇ ਆਪ ਨੂੰ ਦਲਿਤ ਦੀ ਥਾਂ 'ਤੇ 'ਆਦਿ-ਧਰਮ' ਅਖਵਾਉਣ ਦੀ ਲੋੜ ਉਦੋਂ ਬਣੀ ਹੋਈ ਸੀ।

ਸ਼ੁਰੂ ਤੋਂ ਹੀ ਮੰਗੂ ਰਾਮ ਜ਼ਹਿਨੀ ਤੌਰ 'ਤੇ ਕਾਫ਼ੀ ਤੇਜ਼ ਬੁੱਧੀ ਵਾਲਾ ਵਿਦਿਆਰਥੀ ਸੀ। ਉਸਨੇ ਸੈਕੰਡਰੀ ਸਕੂਲ ਸਿੱਖਿਆ ਵਿਚ ਸਰਕਾਰੀ ਵਜ਼ੀਫ਼ਾ ਪ੍ਰਾਪਤ ਕੀਤਾ। ਸਕੂਲ ਦੀ ਮੁਢਲੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਸਿਟੀ ਕਾਲਜ ਜਲੰਧਰ ਵਿਚ ਉਚ ਸਿੱਖਿਆ ਲਈ ਦਾਖਲਾ ਲੈ ਲਿਆ। ਕਾਲਜ 'ਚ ਰਾਤ ਦੀਆਂ ਜਮਾਤਾਂ (ਟਜਪੀਵ 3; ਲਾ ਕੇ ਦਿਨ 'ਚ ਕੋਆਪ੍ਰੇਟਿਵ ਸੁਸਾਇਟੀ 'ਚ ਸਰਕਾਰੀ ਕਲਰਕ ਵਜੋਂ ਨੌਕਰੀ ਕਰਨੀ ਸ਼ੁਰੂ ਕੀਤੀ। ਬੀ.ਏ ਕਰਨ ਉਪਰੰਤ ਸ੍ਰੀ ਮੰਗੂ ਰਾਮ ਨੇ ਸ਼ਾਦੀ ਕਰਵਾ ਲਈ। 1950 'ਚ ਉਸ ਦਾ ਛੋਟਾ ਭਰਾ ਇੰਗਲੈਂਡ 'ਚ ਸੈਟਲ ਹੋ ਗਿਆ। ਭਾਰਤ ਦੀ ਅਜ਼ਾਦੀ ਉਪਰੰਤ 1950 ਤੋਂ ਪਿਛੋਂ ਪੰਜਾਬ ਵਿਚੋਂ ਵਿਸ਼ੇਸ਼ ਕਰਕੇ ਦੋਆਬਾ ਖੇਤਰ ਵਿਚ ਪੱਛਮੀ ਮੁਲਕਾਂ 'ਚ ਖਾਸ ਕਰਕੇ ਇੰਗਲੈਂਡ 'ਚ ਸਭ ਤੋਂ ਵੱਧ ਪਰਵਾਸ ਹੋਇਆ। ਪੱਛਮੀ ਮੁਲਕਾਂ 'ਚ ਦੁਆਬੇ ਦੇ ਜ਼ਿਆਦਾ ਪਰਵਾਸ ਦਾ ਮੂਲ ਕਾਰਨ ਅਨੁਸੂਚਿਤ ਜਾਤੀ ਵਰਗ 'ਚ ਆਦਿ-ਧਰਮ ਮੰਡਲ ਲਹਿਰ ਦਾ ਵਿਆਪਕ ਪ੍ਰਭਾਵ ਸੀ, ਜਿਸ ਨੇ ਚੰਗੇਰਾ ਜੀਵਨ ਜਿਉਣ ਲਈ ਅਤੇ ਭਿੱਟ ਭਾਵਨਾ ਤੋਂ ਮੁਕਤੀ ਲਈ ਸੁਪਨੇ ਪੈਦਾ ਕੀਤੇ। ਇਥੇ ਸੁਪਨੇ ਨੂੰ ਪ੍ਰਾਪਤ ਕਰਨ ਲਈ ਸ੍ਰੀ ਮੰਗੂ ਰਾਮ ਜਸਪਾਲ ਨੇ 1960 'ਚ ਸਰਕਾਰੀ ਕੋਆਪ੍ਰੇਟਿਵ ਸੁਸਾਇਟੀ 'ਚ ਕਲਰਕ ਵਜੋਂ ਨੌਕਰੀ ਛੱਡ ਕੇ ਛੋਟੇ ਭਰਾ ਕੋਲ ਬਰਮਿੰਘਮ ਇੰਗਲੈਂਡ ਪਰਵਾਸ ਧਾਰਨ ਕਰ ਲਿਆ। ਸ਼ੁਰੂ 'ਚ ਮੰਗੂ ਰਾਮ ਨੂੰ ਕਾਫ਼ੀ ਮਿਹਨਤ ਕਰਨੀ ਪਈ। ਮੁਢਲੇ ਤੌਰ 'ਤੇ ਮੰਗੂ ਰਾਮ ਨੂੰ ਵੈਲਡਰ ਵਜੋਂ ਕੰਮ ਕਰਨਾ ਪਿਆ। ਇਕ ਸਟੀਲ ਪ੍ਰੈਸ ਵਿਚ ਅਪਰੇਟਰ ਵਜੋਂ ਵੀ ਕੰਮ ਕੀਤਾ। ਪਰਿਵਾਰ ਨੂੰ ਇੰਗਲੈਂਡ ਲਿਆਉਣ ਲਈ ਉਸ ਨੂੰ ਪੈਸੇ ਜੋੜ ਲਈ ਕਾਫ਼ੀ ਮਿਹਨਤ ਕਰਨੀ ਪਈ।

ਉਦੋਂ ਤੱਕ ਦੁਆਬਾ ਖੇਤਰ ਤੋਂ ਖਾਸ ਕਰਕੇ ਜਲੰਧਰ ਦੇ ਆਲੇ ਦੁਆਲੇ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਆਦਿ ਧਰਮੀ (ਰਵਿਦਾਸ ਪਰਿਵਾਰ) ਇੰਗਲੈਂਡ ਵਿਚ ਪਰਵਾਸ ਧਾਰਨ ਕਰ ਚੁੱਕੇ ਸਨ। ਸ੍ਰੀ ਮੰਗੂ ਰਾਮ ਜਸਪਾਲ ਨੇ 1960 ਤੋਂ ਬਾਅਦ 1969 ਤੱਕ ਇੰਗਲੈਂਡ ਰਹਿੰਦਿਆਂ ਪੰਜਾਬ ਤੋਂ ਪਰਵਾਸੀ ਆਦਿ-ਧਰਮੀਆਂ ਦੇ ਕੰਮਕਾਰ ਰੁਚੀਆਂ ਅਤੇ ਸ੍ਰੀ ਗੁਰੂ ਰਵਿਦਾਸ ਜੀ ਨਾਲ ਸਬੰਧਤ ਧਾਰਮਿਕ ਸੰਗਠਨਾਂ ਦੇ ਨਾਲ-ਨਾਲ ਡਾ. ਅੰਬੇਡਕਰ ਅਤੇ ਅਨੁਸੂਚਿਤ ਜਾਤੀ ਸੰਸਥਾਵਾਂ ਬਾਰੇ ਜਾਣਕਾਰੀ ਹਾਸਲ ਕਰ ਲਈ ਸੀ। ਆਦਿ-ਧਰਮ ਲਹਿਰ ਮੱਠੀ ਪੈ ਚੁੱਕੀ ਸੀ, ਪ੍ਰੰਤੂ ਉਸ ਦੇ ਪੁਨਰ ਸਥਾਪਨ ਦਾ ਮਾਮਲਾ ਵੀ ਤੂਲ ਪਕੜ ਰਿਹਾ ਸੀ। ਇਸ ਸਬੰਧ ਵਿਚ 1969 'ਚ ਸ੍ਰੀ ਮੰਗੂ ਰਾਮ ਜਸਪਾਲ ਬੁਲਵਰ ਹੈਮਟਨ ਅਤੇ ਬਰਮਿੰਘਮ ਦੀਆਂ ਰਵਿਦਾਸ ਸਭਾਵਾਂ ਦੇ ਪੰਜ ਮੈਂਬਰਾਂ ਨੂੰ ਮਿਲਿਆ ਅਤੇ ਕੋਈ ਯੋਜਨਾ ਬਣਾਉਣ ਲਈ ਸਹਿਮਤੀ ਹਾਸਲ ਕਰਨ ਲਈ ਯਤਨ ਕੀਤੇ। ਇਸ ਤੋਂ ਪਹਿਲਾਂ ਇਨ੍ਹਾਂ ਸਥਾਨਾਂ 'ਚ ਰਵਿਦਾਸ ਸਭਾਵਾਂ ਸਥਾਪਤ ਹੋ ਚੁੱਕੀਆਂ ਸਨ। ਬੁਲਵਰਹੈਮਟਨ ਅਤੇ ਬਰਮਿੰਘਮ ਵਿਚ ਕੀਤੇ ਸਲਾਹ ਮਸ਼ਵਰੇ ਤੋਂ ਪਿਛੋਂ ਸ੍ਰੀ ਮੰਗੂ ਰਾਮ ਜਸਪਾਲ ਦਸੰਬਰ 1969 'ਚ ਹੀ ਪੰਜਾਬ ਪਰਤ ਆਇਆ। ਉਸ ਦੇ ਪੰਜਾਬ ਆਉਣ ਦੇ ਦੋ ਮੂਲ ਕਾਰਨ ਸਨ। ਰਵਿਦਾਸ ਪੱਤ੍ਰਕਾ ਸ਼ੁਰੂ ਕਰਨਾ ਅਤੇ ਆਦਿ-ਧਰਮ ਮੰਡਲ ਲਹਿਰ ਦੀ ਮੁੜ ਤੋਂ ਉਸਾਰੀ। ਕਿਉਂਕਿ ਪੰਜਾਬ ਤੋਂ ਬਾਹਰ ਰਹਿ ਕੇ ਕਿਸੇ ਵੀ ਤਰੀਕੇ ਨਾਲ ਆਦਿ-ਧਰਮ ਮੰਡਲ ਲਹਿਰ ਨੂੰ ਮੁੜ ਸੁਰਜੀਤ ਨਹੀਂ ਸੀ ਕੀਤਾ ਜਾ ਸਕਦਾ।

ਇਸ ਉਦੇਸ਼ ਨਾਲ ਉਸ ਨੇ ਪੰਜਾਬ ਵਿਚ 17 ਏਕੜ ਜ਼ਮੀਨ ਖ੍ਰੀਦੀ। ਉਸ ਨੇ ਆਪਣੇ ਸਹਿਯੋਗੀਆਂ ਨਾਲ ਜਲੰਧਰ ਦੇ ਨੇੜੇ ਇਕ ਫਾਰਮ ਬਣਾਉਣ ਲਈ ਵਿਚਾਰ ਚਰਚਾ ਕੀਤੀ। ਮੀਟਿੰਗ 'ਚ ਇਸ ਸਾਂਝੇ ਫਾਰਮ ਨੂੰ ਕਈ ਹੋਰ ਕੰਮਾਂ ਲਈ ਵਰਤਣ ਬਾਰੇ ਵੀ ਵਿਚਾਰ ਵਿਮਰਸ਼ ਹੋਇਆ-ਮਸਲਨ ਇਕ ਕਾਲਜ, ਇਕ ਅਖ਼ਬਾਰ, ਇਕ ਨਵਾਂ ਸੰਗਠਨ ਅਤੇ ਰਾਜਨੀਤਕ ਪਾਰਟੀ। ਇਸ ਦੇ ਨਾਲ ਨਾਲ ਸਿੱਖ ਮਿਸ਼ਨਰੀ ਕਾਲਜਾਂ ਅਤੇ ਡੀ.ਏ.ਵੀ. ਸੰਸਥਾਵਾਂ ਦੇ ਸਮਾਂਤਰ ਪੰਜਾਬ ਵਿਚ ਸ੍ਰੀ ਗੁਰੂ ਰਵਿਦਾਸ ਕਾਲਜ ਸਥਾਪਤ ਕਰਨ ਲਈ ਵੀ ਵਿਚਾਰ ਚਰਚਾ ਕੀਤੀ ਗਈ।

ਸ੍ਰੀ ਗੁਰੂ ਰਵਿਦਾਸ ਜੀ ਯਾਦ ਵਿਚ ਉਸ ਦੇ ਜਨਮ ਸਥਾਨ ਬਨਾਰਸ ਵਿਖੇ ਇਕ ਯਾਦਗਾਰੀ ਮੰਦਿਰ ਬਣਾਉਣ ਬਾਰੇ ਵੀ ਮਸ਼ਵਰਾ ਕੀਤਾ ਗਿਆ। ਇਸ ਪ੍ਰਸੰਗ ਵਿਚ ਸ੍ਰੀ ਗੁਰੂ ਰਵਿਦਾਸ ਦਾ ਸੰਦੇਸ਼ ਘਰ ਘਰ 'ਚ ਪਹੁੰਚਾਉਣ ਲਈ ਤੇ ਇਕ ਕੌਮ ਦੀ ਉਸਾਰੀ ਲਈ ਪਿੰਡਾਂ 'ਚ ਪ੍ਰਚਾਰ ਕਰਨ ਦੀ ਵਿਉਂਤ ਵੀ ਬਣਾਈ ਗਈ। ਇਸ ਲਈ ਮੁਢਲੇ ਤੌਰ 'ਤੇ 'ਮੰਗੂ ਰਾਮ ਜਸਪਾਲ ਅਤੇ ਉਸ ਦੇ ਸਾਥੀਆਂ ਨੇ ਕਾਰਪੋਰੇਸ਼ਨ ਦੀ ਰਜਿਸਟ੍ਰੇਸ਼ਨ ਕਰਵਾਈ ਜਿਸ ਦਾ ਨਾਂ 'ਪੰਜਾਬ ਸਰਵਿਸ ਕੋਆਪ੍ਰੇਟਿਵ ਸੁਸਾਇਟੀ ਲਿਮਟਿਡ' ਰੱਖਿਆ ਗਿਆ। ਅਖ਼ਬਾਰ, ਫਾਰਮ, ਕਾਲਜ ਅਤੇ ਹੋਰ ਸਾਰੇ ਪ੍ਰਾਜੈਕਟ ਮੂਲ ਰੂਪ 'ਚ ਇਸ ਸੁਸਾਇਟੀ ਦੇ ਅਧੀਨ ਕੰਮ ਕਰਨਗੇ। ਇਸ ਸਬੰਧ ਵਿਚ ਸ੍ਰੀ ਮੰਗੂ ਰਾਮ ਜਸਪਾਲ ਨੇ ਰਵਿਦਾਸ ਪੱਤ੍ਰਕਾ ਸ਼ੁਰੂ ਕਰਨ ਲਈ ਪਹਿਲਾਂ ਹੀ ਮੁਹਿੰਮ ਇੰਗਲੈਂਡ 'ਚ ਸ਼ੁਰੂ ਕਰ ਦਿੱਤੀ ਸੀ। ਇਸ ਦਾ ਅਧਾਰ ਇਹ ਹੋਇਆ ਕਿ 'ਇੰਗਲੈਂਡ ਵਿਚੋਂ ਰਵਿਦਾਸ ਸਭਾ ਦੇ 85 ਮੈਂਬਰਾਂ ਨੇ ਹਰ ਹਫ਼ਤੇ ਕੋਆਪ੍ਰੇਟਿਵ ਸੁਸਾਇਟੀ ਨੂੰ ਸਹਿਯੋਗ ਦੇਣ ਲਈ ਪੰਜ ਸੀਲਿੰਗ (ਉਸ ਸਮੇਂ ਇੰਗਲੈਂਡ ਦਾ ਸਿੱਕਾ) ਦੇਣ ਲਈ ਸਹਿਮਤੀ ਦੇ ਦਿੱਤੀ।





ਇਸ ਪ੍ਰਕਾਰ ਦੇ ਇੰਗਲੈਂਡ ਦੇ ਆਦਿ-ਧਰਮੀ ਮੈਂਬਰਾਂ ਤੋਂ ਮਿਲੇ ਸਹਿਯੋਗ ਕਾਰਨ ਭਰਵੀਂ ਉਮੀਦ ਨਾਲ ਸ੍ਰੀ ਮੰਗੂ ਰਾਮ ਜਸਪਾਲ ਪੰਜਾਬ ਆਏ। ਉਨ੍ਹਾਂ ਕੋਲ ਬੁਲ-ਵਰਹੈਮਟਨ ਦੇ ਸਾਥੀਆਂ ਦੀ ਹਮਦਰਦੀ ਅਤੇ ਧਨ ਵੀ ਸੀ। ਸਭ ਤੋਂ ਪਹਿਲਾਂ ਜਸਪਾਲ ਨੇ ਮਾਡਲ ਟਾਊਨ ਜਲੰਧਰ ਵਿਖੇ ਕਮਿਊਨਿਟੀ ਕੇਂਦਰ ਅਤੇ ਦਫ਼ਤਰ ਵਜੋਂ ਵਰਤਣ ਲਈ ਇਕ ਘਰ ਖ੍ਰੀਦਿਆ ਤਾਂ ਕਿ 'ਰਵਿਦਾਸ ਪੱਤ੍ਰਕਾ' ਦੀ ਸ਼ੁਰੂਆਤ ਕੀਤੀ ਜਾ ਸਕੇ। 'ਰਵਿਦਾਸ ਪੱਤ੍ਰਕਾ' ਲਈ ਸੰਪਾਦਕ, ਮੈਨੇਜਰ ਅਤੇ ਹੋਰ ਲੋੜੀਂਦੇ ਕਾਮਿਆਂ ਦੀ ਜ਼ਰੂਰਤ ਸੀ। ਇਸ ਕੰਮ ਲਈ ਸੰਪਾਦਕ ਵਜੋਂ ਪ੍ਰਸਿੱਧ ਸ਼ਾਇਰ ਸ੍ਰੀ ਚਾਨਣ ਲਾਲ ਮਾਣਕ ਦੀਆਂ ਸੇਵਾਵਾਂ ਲਈਆਂ ਗਈਆਂ। ਸ੍ਰੀ ਚਾਨਣ ਲਾਲ ਮਾਣਕ ਪਹਿਲਾਂ ਹੀ 'ਆਦਿ-ਡੰਕਾ' 'ਚ ਕੰਮ ਕਰ ਚੁੱਕੇ ਸਨ। ਨਾਲ ਹੀ ਉਹ 'ਰਵਿਦਾਸ ਪੱਤ੍ਰਕਾ' ਤੋਂ ਪਹਿਲਾਂ ਹਫ਼ਤਾਵਾਰ 'ਆਦੀ-ਵੀਰ' ਜਲੰਧਰ ਸ਼ਹਿਰ ਵਿਚ ਬਤੌਰ ਚੀਫ਼ ਐਡੀਟਰ ਸਾਲ 1958 ਅਤੇ ਸਪਤਾਹਿਕ 'ਨਵਾ ਦੌਰ' ਜਲੰਧਰ (1967-68) 'ਚ ਸੰਪਾਦਕ ਵਜੋਂ ਸੇਵਾਵਾਂ ਨਿਭਾਅ ਚੁੱਕੇ ਸਨ।

ਰਵਿਦਾਸ ਪੱਤ੍ਰਿਕਾ ਮੂਲ ਰੂਪ 'ਚ ਇਤਿਹਾਸਕ ਤੌਰ 'ਤੇ 1970 ਤੋਂ ਪਹਿਲਾਂ ਦੋ ਵਰਕੇ ਦੇ ਰੂਪ 'ਚ ਪ੍ਰਕਾਸ਼ਿਤ ਹੋਣਾ ਸ਼ੁਰੂ ਹੋ ਚੁੱਕਾ ਸੀ। ਇਸ ਦੇ ਮੁਢਲੇ ਸੰਪਾਦਕ ਡਾ. ਚਮਨ ਲਾਲ ਦੀ ਜਲੰਧਰ ਵਿਖੇ ਇਕ ਪ੍ਰਿੰਟਿੰਗ ਪ੍ਰੈਸ ਸੀ ਜਿਸ ਰਾਹੀਂ ਉਹ ਉਸ ਵਕਤ ਦੀ ਲੋੜ ਅਨੁਸਾਰ ਕਾਰਡ ਆਦਿਕ ਛਾਪਦਾ ਸੀ ਤੇ ਨਾਲ ਹੀ ਕਦੇ ਕਦੇ ਦੋ ਵਰਕੇ ਦੇ ਰੂਪ 'ਚ 'ਰਵਿਦਾਸ ਪੱਤ੍ਰਕਾ' ਪ੍ਰਕਾਸ਼ਿਤ ਕਰਕੇ ਕੁਝ ਲੇਖਕਾਂ ਦੀਆਂ ਕਵਿਤਾਵਾਂ ਵੀ ਛਾਪਦਾ ਸੀ। ਡਾ. ਤਰਸੇਮ ਸਾਗਰ ਦੇ ਕਹਿਣ ਅਨੁਸਾਰ ਉਸ ਦੀਆਂ ਕੁਝ ਮੁਢਲੀਆਂ ਕਵਿਤਾਵਾਂ ਚਮਨ ਲਾਲ ਜੀ ਨੇ ਛਾਪੀਆਂ। 'ਰਵਿਦਾਸ ਪੱਤ੍ਰਕਾ' ਨੂੰ ਸ੍ਰੀ ਚਮਨ ਲਾਲ ਤੋਂ ਲੈ ਕੇ ਫਰਵਰੀ 1970 'ਚ ਸ੍ਰੀ ਮੰਗੂ ਰਾਮ ਜਸਪਾਲ ਨੇ ਪ੍ਰਕਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ। 1970 ਤੋਂ ਸ਼ੁਰੂ ਹੋ ਕੇ ਅਨੇਕ ਪ੍ਰਕਾਰ ਦੀਆਂ ਮੁਸ਼ਕਿਲਾਂ 'ਚੋਂ ਲੰਘਦਾ ਰਵਿਦਾਸ ਪੱਤ੍ਰਕਾ 21ਵੀਂ ਸਦੀ ਦੇ ਮੁਢਲੇ ਦਹਾਕੇ ਤੱਕ ਪ੍ਰਕਾਸ਼ਿਤ ਹੁੰਦਾ ਰਿਹਾ ਇਸ ਲੰਮੇ ਸਮੇਂ 'ਚ ਕਈ ਬਾਰ ਪਰਚਾ ਬੰਦ ਵੀ ਹੋਇਆ।

ਰਵਿਦਾਸ ਪੱਤ੍ਰਿਕਾ ਤੋਂ ਪਹਿਲਾਂ ਆਦਿ-ਧਰਮ ਦੀ ਵਿਚਾਰਧਾਰਕ ਸਥਿਤੀ ਨੂੰ ਉਜਾਗਰ ਕਰਨ ਲਈ ਹਫ਼ਤਾਵਾਰ 'ਆਦਿ-ਡੰਕਾ' (1927-28) 'ਚ ਪ੍ਰਕਾਸ਼ਿਤ ਹੋਣੀ ਸ਼ੁਰੂ ਹੋਈ। ਆਦਿ-ਡੰਕਾ ਦੇ ਪਹਿਲੇ ਸੰਪਾਦਕ ਆਦਿ-ਧਰਮ ਮੰਡਲ ਲਹਿਰ ਦੇ ਬਾਨੀ ਬਾਬੂ ਮੰਗੂ ਰਾਮ ਜੀ ਸਨ ਫਿਰ ਉਨ੍ਹਾਂ ਨੇ 1928-29 ਵਿਚ (ਬਾਬੂ ਰਾਮ ਚੰਦ ਖੇੜਾ) ਨੂੰ ਸੰਪਾਦਨ ਦਾ ਕਾਰਜ ਸੌਂਪ ਦਿੱਤਾ। ਸੰਤ ਰਾਮ ਆਜ਼ਾਦ ਇਸ ਦੇ ਸਬ-ਐਡੀਟਰ ਬਣੇ। ਇਹ ਪਰਚਾ 1951ਤੱਕ ਪ੍ਰਕਾਸ਼ਿਤ ਹੁੰਦਾ ਰਿਹਾ। 'ਆਦਿ-ਡੰਕਾ' ਸ਼ੁਰੂ ਵਿਚ ਹਫ਼ਤਾਵਾਰੀ ਪੰਜਾਬੀ 'ਚ ਹੀ ਪ੍ਰਕਾਸ਼ਿਤ ਹੁੰਦਾ ਸੀ। ਫਿਰ 1930 'ਚ ਉਰਦੂ ਵਿਚ ਵੀ 'ਆਦਿ ਡੰਕਾ' ਸ਼ੁਰੂ ਕੀਤਾ ਗਿਆ। ਹਰ ਮੰਗਲਵਾਰ ਦੋਵੇਂ ਪਰਚੇ ਇਕੱਠੇ ਪੋਸਟ ਕੀਤੇ ਜਾਂਦੇ। ਇਸ ਪਰਚੇ 'ਚ ਛਪਣ ਵਾਲੇ ਮੁਢਲੇ ਕਵੀਆਂ ਵਿਚ 'ਬਾਬੂ ਮੰਗੂ ਰਾਮ ਮੁਗੋਵਾਲੀਆ, ਸੰਤ ਰਾਮ ਭਾਮ, ਧੰਨਾ ਸਿੰਘ ਲੰਗੇਰੀ, ਸੰਸਾਰ ਚੰਦ ਮੁਗੋਵਾਲੀਆ, ਭਗਤ ਰਾਮ ਦੀਵਾਨਾ ਮੰਡਾਲੀ, ਸੰਤ ਗੋਪਾਲ ਦਾਸ ਭਰਪੂਰ ਲੰਗੇਰੀ, ਗੁਰਦਾਸ ਰਾਮ ਆਲਮ, ਪੰਡਿਤ ਹਰੀ ਰਾਮ ਪੰਡੋਰੀ ਬੀਬੀ, ਚਰਨ ਸਿੰਘ ਸਫ਼ਰੀ, ਚਾਨਣ ਲਾਲ ਮਾਣਕ, ਸੰਤ ਰਾਮ ਅਜ਼ਾਦ ਸੰਗੂ ਰਾਮ ਰਾਇਪੁਰ ਡੱਬਾ ਅਤੇ ਪੰਡਿਤ ਬਖਸ਼ੀ ਰਾਮ ਆਦਿ ਦੁਖੜੇ, ਟ੍ਰੈਕਟ ਵਿਚ ਕਵੀਆਂ ਦੀਆਂ ਕਵਿਤਾਵਾਂ ਛਾਪ ਕੇ ਮੁਫ਼ਤ ਵੰਡਦੇ ਸਨ। ਆਦਿ ਡੰਕਾ ਦੇ 1951 'ਚ ਬੰਦ ਹੋਣ 'ਤੇ 1970 ਤੱਕ ਸਾਹਿਤਕ-ਪੱਤਰਕਾਰੀ ਦੇ ਖੇਤਰ ਵਿਚ ਹਫ਼ਤਾਵਾਰ 'ਆਦੀ ਵੀਰ' (1958) ਸਪਤਾਹਿਕ 'ਨਵਾਂ ਦੌਰ' (1967) ਸੰਪਾ. ਸ੍ਰੀ ਚਾਨਣ ਲਾਲ ਮਾਣਕ ਤੋਂ ਬਿਨਾਂ ਹੋਰ ਕਿਸੇ ਪਰਚੇ ਦੀ ਕਨਸ਼ੋਅ ਨਹੀਂ ਮਿਲਦੀ। ਇਹ ਦੋਵੇਂ ਪਰਚੇ ਵੀ ਲੰਮਾ ਸਮਾਂ ਨਾ ਚੱਲ ਸਕੇ। 'ਆਦਿ ਡੰਕਾ' ਦੇ ਬੰਦ ਹੋਣ ਤੋਂ ਤਿੰਨ ਸਾਲ ਪਹਿਲਾਂ 1948 'ਚ ਇਕ ਹਫ਼ਤਾਵਾਰ ਅਖ਼ਬਾਰ 'ਉਜਾਲਾ' ਉਰਦੂ ਭਾਸ਼ਾ 'ਚ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਸ ਦੇ ਸੰਪਾਦਕ ਸ੍ਰੀ ਕੇ.ਸੀ. ਸੁਲੇਖ ਸਾਹਿਬ ਸਨ। ਉਨ੍ਹਾਂ ਨੂੰ ਉਰਦੂ ਜ਼ੁਬਾਨ 'ਚ ਕਾਫ਼ੀ ਮੁਹਾਰਤ ਹਾਸਲ ਸੀ। ਇਸ ਪਰਚੇ ਦਾ ਆਪਣਾ ਇਕ ਵਿਲੱਖਣ ਇਤਿਹਾਸ ਹੈ। 'ਆਦਿ-ਡੰਕਾ' ਵਾਂਗ 'ਉਜਾਲਾ' ਦੀਆਂ ਕਾਪੀਆਂ ਵੀ ਅਜੋਕੇ ਸਮੇਂ 'ਚ ਉਪਲਬਧ ਨਹੀਂ ਹੁੰਦੀਆਂ। ਸ੍ਰੀ ਕੇ.ਸੀ. ਸੁਲੇਖ ਦੇ 1952 'ਚ ਨੌਕਰੀ ਜੁਆਇੰਨ ਕਰਨ ਉਪਰੰਤ ਇਹ ਪਰਚਾ ਵੀ ਬੰਦ ਹੋ ਗਿਆ।

'ਰਵਿਦਾਸ ਪੱਤ੍ਰਿਕਾ' ਦੇ ਮੁੱਖ ਸੰਪਾਦਕ ਸ੍ਰੀ ਮੰਗੂ ਰਾਮ ਜਸਪਾਲ ਅਕਸਰ ਇੰਗਲੈਂਡ ਜਾਂਦੇ ਰਹਿੰਦੇ ਸਨ। ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਮੁਢਲੇ ਤੌਰ 'ਤੇ 'ਰਵਿਦਾਸ ਪੱਤ੍ਰਿਕਾ' ਦੀ ਸੰਪਾਦਕੀ, ਖ਼ਬਰਾਂ ਅਤੇ ਰਚਨਾਵਾਂ ਸ੍ਰੀ ਚਾਨਣ ਲਾਲ ਮਾਣਕ, ਡਾ.ਮਦਨ ਸਾਦਿਕ ਅਤੇ ਪ੍ਰੋ. ਜੀ. ਸੀ. ਕੌਲ ਦੇਖਦੇ ਸਨ। ਸਮਕਾਲੀ ਮਸਲਿਆਂ ਦੇ ਨਾਲ-ਨਾਲ ਗੁਰੂ ਰਵਿਦਾਸ ਜੀ ਦੀ ਬਾਣੀ, ਵਿਚਾਰਧਾਰਾ ਦੇ ਵਿਭਿੰਨ ਪੱਖਾਂ ਬਾਰੇ ਪ੍ਰੋ.ਗਿਆਨ ਚੰਦ ਕੌਲ ਦੇ ਆਰਟੀਕਲ ਕਾਫ਼ੀ ਮਹੱਤਵਪੂਰਨ ਹੁੰਦੇ ਸਨ। ਸਰਕਾਰੀ ਨੌਕਰੀ 'ਚ ਹੁੰਦਿਆਂ ਵੀ ਉਹ 'ਕੌਲ ਜਲੰਧਰੀ' ਦੇ ਉਪ ਨਾਮ ਹੇਠ ਸਰਕਾਰੀ ਕਾਰਜਸ਼ੈਲੀ ਬਾਰੇ ਬੜੀਆਂ ਗੰਭੀਰ ਟਿੱਪਣੀਆਂ ਵੀ ਕਰਦੇ ਸਨ। ਪ੍ਰੋ.ਕੌਲ ਅੱਜ ਵੀ ਗੁਰੂ ਰਵਿਦਾਸ, ਡਾ.ਅੰਬੇਡਕਰ ਅਤੇ ਆਦਿ-ਧਰਮ ਲਹਿਰ ਬਾਰੇ ਵਿਸ਼ੇਸ਼ ਰੂਪ 'ਚ ਸਪਤਾਹਿਕ ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ (ਪੰਜਾਬੀ) ਸੰਪਾ. ਪ੍ਰੇਮ ਚੁੰਬਰ 'ਚ ਲਗਾਤਾਰ ਲਿਖਦੇ ਰਹਿੰਦੇ ਹਨ। 'ਆਦਿ-ਧਰਮ' ਮੰਡਲ ਲਹਿਰ ਦੀ ਪੁਨਰ-ਸੁਰਜੀਤੀ ਦੇ ਉਹ ਇਕ ਮਾਤਰ ਗਵਾਹ ਹਨ।

ਰਵਿਦਾਸ ਪੱਤ੍ਰਿਕਾ ਨੇ ਬਾਕੀ ਹਫ਼ਤਾਵਾਰ ਰੋਜ਼ਾਨਾ ਪਰਚਿਆਂ ਦੇ ਨਾਲ-ਨਾਲ ਵਿਸ਼ੇਸ਼ ਰੂਪ 'ਚ ਸ੍ਰੀ ਗੁਰੂ ਰਵਿਦਾਸ ਜੀ ਬਾਰੇ ਉਨ੍ਹਾਂ ਦੇ ਜਨਮ ਜੀਵਨ ਦਰਸ਼ਨ ਅਤੇ ਬਾਣੀ ਸਬੰਧੀ ਖੋਜ ਕਰਨ ਬਾਰੇ ਵਿਦਵਾਨਾਂ ਨੂੰ ਪ੍ਰੇਰਿਆ। ਇਹ ਤੱਥ ਕਾਫ਼ੀ ਮਹੱਤਵਪੂਰਨ ਹੈ ਕਿ ਉਸ ਸਮੇਂ ਜਿਸ ਵਕਤ ਰਵਿਦਾਸ ਪੱਤ੍ਰਿਕਾ ਵਿਚ ਇਨ੍ਹਾਂ ਤੱਥਾਂ ਬਾਰੇ ਚਰਚਾ ਹੋ ਰਹੀ ਸੀ, ਤਾਂ ਪੱਤਰਕਾਰੀ ਦੇ ਖੇਤਰ ਵਿਚ ਇਸ ਬਾਰੇ ਖਾਮੋਸ਼ੀ ਛਾਈ ਹੋਈ ਸੀ। ਆਦਿ-ਧਰਮ ਬਾਰੇ ਕਿਸੇ ਵੀ ਕਿਸਮ ਦੀ ਰਚਨਾ ਨੂੰ ਉਪਰਲੇ ਵਰਗਾਂ ਦੇ ਰੋਜ਼ਾਨਾ, ਹਫ਼ਤਾਵਾਰ, ਮਾਸਿਕ ਪਰਚੇ ਬਿਲਕੁਲ ਵੀ ਥਾਂ ਨਹੀਂ ਸਨ ਦਿੰਦੇ। ਇਸ ਦੇ ਨਾਲ ਹੀ ਦੂਸਰਾ ਮਹੱਤਵਪੂਰਨ ਸਵਾਲ ਸੀ ਗੁਰੂ ਰਵਿਦਾਸ ਬਾਣੀ ਵਿਚਾਰਧਾਰਾ ਤੋਂ ਪ੍ਰਭਾਵਿਤ ਦਲਿਤ-ਕਾਵਿ ਦੀ ਪ੍ਰਕਾਸ਼ਨਾ ਅਤੇ ਕਵੀਆਂ ਨੂੰ ਉਤਸ਼ਾਹ ਦੇਣਾ। ਆਦਿ-ਧਰਮ ਮੰਡਲ ਲਹਿਰ ਦੇ ਤਹਿਤ ਇਕ ਐਸਾ ਸਾਹਿਤਕ-ਅੰਦੋਲਨ ਸ਼ੁਰੂ ਹੋਇਆ ਜਿਸ ਵਿਚ ਇੱਕੀਵੀਂ ਸਦੀ ਦੇ ਮੁਢਲੇ ਦਹਾਕੇ ਤੱਕ ਸੈਂਕੜੇ ਹੀ ਕਵੀ ਕਹਾਣੀਕਾਰ ਪੱਤਰਕਾਰ-ਵਿਆਖਿਆਕਾਰ ਅਤੇ ਇਤਿਹਾਸਕਾਰ ਪੈਦਾ ਹੋਏ।

ਸਮਕਾਲੀ ਸਾਹਿਤ ਦੇ ਇਤਿਹਾਸ ਦੀ ਪੁਣਛਾਣ ਕਰਨ ਨਾਲ ਪਤਾ ਚਲਦਾ ਹੈ ਕਿ ਧਾਰਮਿਕ, ਪੁਨਰ ਜਾਗਰਣ ਲਹਿਰਾਂ ਤਹਿਤ ਅਨੇਕਾਂ ਭਗਤਾਂ, ਸੂਫ਼ੀਆਂ-ਗੁਲਾਬਦਾਸੀਆਂ ਵਿਚ ਧਾਰਮਿਕ ਚੇਤਨਾ ਤਹਿਤ ਰੱਬ ਦੀ ਬੰਦਗੀ ਕਰਕੇ ਅਧਿਆਤਮਕ ਮੁਕਤੀ ਪ੍ਰਾਪਤ ਕਰਨ ਦੀ ਇੱਛਾ 'ਚੋਂ ਅਨੇਕਾਂ ਹੀ ਸੰਤ ਕਵੀ ਪੈਦਾ ਹੋਏ। ਉਨ੍ਹਾਂ ਦੇ ਪਦ ਚਿੰਨ੍ਹਾਂ ਉਪਰ ਚਲਦਿਆਂ, ਉਨ੍ਹਾਂ ਨੂੰ ਆਪਣੀ ਰਚਣ ਪ੍ਰਕਿਰਿਆ ਦਾ ਮਾਡਲ ਸਵੀਕਾਰ ਕਰਦਿਆਂ ਵੀਹਵੀਂ ਸਦੀ 'ਚ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਅੰਦੋਲਨਾਂ ਤਹਿਤ ਇਹ ਗਿਣਤੀ ਸੈਂਕੜਿਆਂ ਤੋਂ ਹਜ਼ਾਰਾਂ ਤੱਕ ਪਹੁੰਚ ਗਈ। ਇਸ ਸਾਹਿਤਕ ਅੰਦੋਲਨ ਨੂੰ ਰਚਨਾਤਮਕ ਅਮਲ 'ਚ ਲੈ ਕੇ ਆਉਣ ਲਈ ਸਤਵੇਂ ਦਹਾਕੇ 'ਚ ਸ਼ੁਰੂ ਹੋਏ ਹਫ਼ਤਾਵਾਰ ਰਵਿਦਾਸ ਪੱਤ੍ਰਿਕਾ ਨੇ ਮੋਹਰੀ ਰੋਲ ਨਿਭਾਇਆ। ਜਿਸ ਵਿਚ 1985 'ਚ ਮਾਸਿਕ ਪੇਪਰ 'ਕੌਮੀ ਉਡਾਰੀਆਂ' (ਜਲੰਧਰ) ਸੰਪਾਦਕ ਸੀ. ਐਲ. ਚੁੰਬਰ ਅਤੇ ਸਪਤਾਹਿਕ ਬੇਗਮਪੁਰਾ ਸ਼ਹਿਰ ਪਰਿਵਾਰ (ਡੇਰਾ ਸੱਚ ਖੰਡ ਬੱਲਾਂ) 1990, ਰੋਜ਼ਾਨਾ ਜਨਤਕ ਲਹਿਰ 1970 ਤੋਂ (ਰੋਜ਼ਾਨਾ-1986 ਤੋਂ 2002) ਨੇ ਵਿਸ਼ੇਸ਼ ਰੂਪ 'ਚ ਗੁਰੂ ਰਵਿਦਾਸ ਵਿਚਾਰਧਾਰਾ ਨੂੰ ਸਮਰਪਿਤ ਭਾਵਨਾ ਨਾਲ ਦਲਿਤ ਪੱਤਰਕਾਰੀ ਦੇ ਇਤਿਹਾਸ 'ਚ ਆਪਣੀ ਸ਼ਨਾਖਤ ਦਰਜ ਕਰਵਾਈ। ਆਦਿ-ਧਰਮ ਮੰਡਲ ਲਹਿਰ ਨਾਲ ਸਬੰਧਤ ਸੈਮੀਨਾਰਾਂ, ਜਲਸੇ, ਜਲੂਸਾਂ, ਬਿਆਨਾਂ ਅਤੇ ਰਾਜਨੀਤਕ/ਧਾਰਮਿਕ ਸਰਗਰਮੀਆਂ ਦੀ ਸਮੁੱਚੀ ਰਿਪੋਰਟਿੰਗ ਦੇ ਨਾਲ-ਨਾਲ ਸ੍ਰੀ ਗੁਰੂ ਰਵਿਦਾਸ ਡਾ. ਬੀ.ਆਰ. ਅੰਬੇਡਕਰ ਅਤੇ ਦਲਿਤ ਸਮਾਜ ਦੀ ਤਤਕਾਲੀਨ ਸਥਿਤੀ ਬਾਰੇ ਸਾਹਿਤਕਾਰਾਂ ਨੇ ਭਰਵਾਂ ਹੁੰਗਾਰਾ ਭਰਿਆ, ਉਸ ਦੇ ਪਿਛੋਕੜ ਵਿਚ ਇਨ੍ਹਾਂ ਪਰਚਿਆਂ ਦਾ ਪ੍ਰਭਾਵੀ ਰੋਲ ਰਿਹਾ ਹੈ। ਰਵਿਦਾਸ ਪੱਤ੍ਰਿਕਾ ਵਿਚ ਸ੍ਰੀ ਗੁਰੂ ਰਵਿਦਾਸ, ਡਾ. ਅੰਬੇਡਕਰ, ਭਗਤਾਂ ਅਤੇ ਸਿੱਖ ਗੁਰੂ ਸਾਹਿਬਾਨਾਂ ਬਾਰੇ ਕਾਵਿ-ਰਚਨਾਵਾਂ ਤੋਂ ਬਿਨਾਂ ਦਲਿਤ ਨਾਇਕਾਂ ਬਾਰੇ ਲਗਾਤਾਰ ਰਚਨਾਵਾਂ ਪ੍ਰਕਾਸ਼ਿਤ ਕਰਕੇ ਦਲਿਤ ਸਾਹਿਤ ਦੀ ਪਛਾਣ ਰਾਹੀਂ ਪੰਜਾਬੀ ਬੋਲੀ ਅਤੇ ਇਸ ਦੇ ਸਭਿਆਚਾਰ 'ਚ ਭਰਵਾਂ ਯੋਗਦਾਨ ਦਿੱਤਾ। ਗੁਰੂ ਰਵਿਦਾਸ ਜੀ ਦੇ ਜਨਮ, ਜੀਵਨ, ਬਾਣੀ ਅਤੇ ਵਿਚਾਰਧਾਰਾ ਬਾਰੇ ਦੋ ਸਦੀਆਂ ਬਾਅਦ ਪਛੜ ਕੇ ਚਰਚਾ ਹੋਣੀ ਸ਼ੁਰੂ ਹੋਈ, ਜਿਸ ਕਾਰਨ ਸਿੱਖਿਆ ਦਾ ਅਭਾਵ ਸਮਝਿਆ ਜਾਂਦਾ ਹੈ। ਸਿੱਖਿਆ ਬਿਨਾ ਮਨੁੱਖ ਨਾ ਇਤਿਹਾਸਕਾਰ ਬਣ ਸਕਦਾ ਹੈ ਨਾ ਹੀ ਸਾਹਿਤਕਾਰ। ਅੱਖਰ-ਵਿਹੀਨ ਸਮਾਜ ਦੀ ਆਪਣੀ ਕੋਈ ਪਛਾਣ ਅਤੇ ਸਵੈ-ਮਾਣ ਨਹੀਂ ਹੁੰਦਾ, ਇਸ ਸਮੱਸਿਆ ਨੂੰ ਮੁੱਖ ਰੱਖਕੇ ਡਾ. ਅੰਬੇਡਕਰ ਸਾਹਿਬ ਦੇ ਸਿੱਖਿਆ ਪ੍ਰਾਪਤੀ ਦੇ ਮੁੱਖ ਟੀਚੇ ਨੂੰ ਘਰ-ਘਰ ਪਹੁੰਚਾਉਣ ਲਈ ਸਦੀਆਂ ਤੋਂ ਸੁੱਤੀ ਕੌਮ ਨੂੰ ਜਗਾਉਣ ਦਾ ਕੰਮ ਕੀਤਾ, ਜਿਸ ਵਿਚ ਭਾਈਚਾਰਕ ਏਕਤਾ, ਸਿਹਤ, ਰੁਜ਼ਗਾਰ ਅਤੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਲਈ ਸੰਘਰਸ਼ ਦੀ ਗਾਥਾ ਵੀ ਸ਼ਾਮਲ ਹੈ।

'ਸਪਤਾਹਿਕ ਰਵਿਦਾਸ ਪੱਤ੍ਰਿਕਾ', 'ਆਦਿ-ਡੰਕਾ', 'ਬੇਗਮਪੁਰਾ ਪਰਿਵਾਰ' ਅਤੇ 'ਰੋਜ਼ਾਨਾ ਜਨਤਕ ਲਹਿਰ' ਵਾਂਗ ਮਨੋਰੰਜਨਕਾਰੀ ਪਰਚਾ ਨਹੀਂ ਹੈ। ਨਾ ਹੀ ਇਹ ਸਾਰੇ ਪਰਚੇ ਵਪਾਰਕ ਨੁਕਤੇ ਤੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਇਹ ਉਦੇਸ਼ ਅਤੇ ਚੇਤਨਾ ਮੁੱਖ ਪਰਚੇ ਹਨ। ਜਿਨ੍ਹਾਂ ਦਾ ਮਕਸਦ ਦਲਿਤ ਸਮਾਜ ਦੇ ਸਾਹਿਤ-ਇਤਿਹਾਸ ਅਤੇ ਰਾਜਨੀਤੀ ਬਾਰੇ ਜਾਣਕਾਰੀ ਮੁਹੱਈਆ ਕਰਨਾ ਹੈ। ਇਹ ਉਸ ਸੱਚਾਈ ਉਪਰ ਪਹਿਰਾ ਦੇਣ ਵਾਲਾ ਪੇਪਰ ਹੈ ਕਿ 'ਜਿਸ ਕੌਮ ਦੇ ਅਖ਼ਬਾਰ ਨਹੀਂ ਹੁੰਦੇ ਉਹ ਕੌਮ ਲੰਮਾ ਸਮਾਂ ਜੀਵਤ ਨਹੀਂ ਰਹਿ ਸਕਦੀ।'

ਸਪਤਾਹਿਕ 'ਰਵਿਦਾਸ ਪੱਤ੍ਰਕਾ' ਇਕ ਖੁਦਮੁਖਤਾਰ ਅਦਾਰਾ ਰਿਹਾ ਹੈ। ਭਾਵ ਇਹ ਕਿਸੇ ਟਰੱਸਟ/ਡੇਰੇ ਜਾਂ ਕਿਸੇ ਧਾਰਮਿਕ ਸਮਾਜਿਕ ਸੰਸਥਾ ਦਾ ਬੁਲਾਰਾ ਨਹੀਂ ਸੀ, ਸਗੋਂ ਇਹ ਸੁਤੰਤਰ ਰੂਪ 'ਚ ਆਦਿ-ਧਰਮ ਅਤੇ ਗੁਰੂ ਰਵਿਦਾਸ ਬਾਣੀ ਦਾ ਪ੍ਰਚਾਰਕ ਰਿਹਾ ਹੈ। ਇਸ ਬਾਰੇ ਸ੍ਰੀ ਮੰਗੂ ਰਾਮ ਜਸਪਾਲ ਦੇ ਵਿਚਾਰ ਅਨੁਸਾਰ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਪਿੰਡ-ਪਿੰਡ ਸਭਾ ਸੁਸਾਇਟੀਆਂ ਸਥਾਪਤ ਕਰਾਈਆਂ।

ਇਸ ਪ੍ਰਕਾਰ ਮੰਗੂ ਜਸਪਾਲ ਨੇ ਦੁਆਬੇ ਦੇ ਸਮੁੱਚੇ ਖੇਤਰ ਵਿਚ ਪਰਚਾ ਸ਼ੁਰੂ ਕਰਨ ਤੋਂ ਪਹਿਲਾਂ ਲਗਪਗ 70 ਪਿੰਡਾਂ 'ਚ ਪਰਚੇ ਦੀ ਨੀਤੀ ਬਾਰੇ ਦੱਸਿਆ। ਵਿਦੇਸ਼ਾਂ ਵਿਚ ਵੀ ਰਵਿਦਾਸ ਸਭਾ ਵੁਲਵਰਹੈਮਟਨ ਅਤੇ ਬਰਮਿੰਘਮ ਅਤੇ ਆਦਿ-ਧਰਮ ਬ੍ਰਾਦਰਹੁੱਡ (ਯੂ.ਕੇ.) ਦੇ ਨਾਂ ਹੇਠ ਇਕ ਕਮੇਟੀ ਬਣਵਾਈ। ਜਿਨ੍ਹਾਂ ਨੇ ਲਗਾਤਾਰ ਪੱਤ੍ਰਕਾ ਦੀ ਆਰਥਿਕ ਪੱਖ ਤੋਂ ਮਦਦ ਕੀਤੀ। ਰਵਿਦਾਸ ਪੱਤ੍ਰਿਕਾ ਦੇ 30 ਜੂਨ 1970 ਦੇ ਅੰਕ ਵਿਚ ਸ੍ਰੀ ਮੰਗੂ ਰਾਮ ਮੁਗੋਵਾਲੀਆ ਪ੍ਰੈਜ਼ੀਡੈਂਟ ਪੰਜਾਬ ਆਦਿ-ਧਰਮ ਮੰਡਲ ਦੇ ਆਦਿ-ਧਰਮ ਦੀ ਵਿਚਾਰਧਾਰਾ ਬਾਰੇ ਵਿਚਾਰ ਪ੍ਰਕਾਸ਼ਿਤ ਕੀਤੇ ਗਏ ਜਿਨ੍ਹਾਂ ਵਿਚ ਸ੍ਰੀ ਮੰਗੂ ਰਾਮ ਨੇ ਆਦਿ-ਧਰਮ ਮੰਡਲ ਦੇ ਮੈਂਬਰ ਪ੍ਰਬੰਧਕੀ ਕਮੇਟੀ ਉਦੇਸ਼ਾਂ ਬਾਰੇ ਵਿਸਥਾਰ 'ਚ ਲਿਖਿਆ। ਉਨ੍ਹਾਂ ਨੇ 11-12 ਜੂਨ 1926 ਨੂੰ ਮੁਗੋਪਾਲ ਥਾਣਾ ਮਾਹਲਪੁਰ, ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਆਦਿ-ਧਰਮ ਮੰਡਲ ਦੀ ਪਹਿਲੀ ਕਾਨਫਰੰਸ ਬਾਰੇ ਜਾਣਕਾਰੀ ਵੀ ਦਿੱਤੀ।

ਆਪਣੀ ਸਵੈਜੀਵਨੀ ਮੂਲਕ ਤਕਰੀਰ ਵਿਚ ਉਨ੍ਹਾਂ ਨੇ ਦੱਸਿਆ 'ਮੈਂ 1925 ਈ. ਵਿਚ ਦੇਸ਼ ਪਰਤ ਕੇ ਇਸ ਗੱਲ ਦੀ ਖੋਜ ਕੀਤੀ ਕਿ ਇਹ ਹਕੂਮਤਾਂ ਅਤੇ ਹਰ ਤਰ੍ਹਾਂ ਦੀ ਦੁਰਦਸ਼ਾ ਉਚ-ਨੀਚ ਦਾ ਸਵਾਲ ਅਤੇ ਜਾਤ-ਪਾਤ ਦੇ ਝਗੜਿਆਂ ਦੀ ਗੁਲਾਮੀ ਤੋਂ ਕੌਮ ਨੂੰ ਮੁਕਤ ਕਰਾਉਣ ਦਾ ਵਿਚਾਰ ਕੀਤਾ। 30 ਜੂਨ 1970 ਦੇ ਰਵਿਦਾਸ ਪੱਤ੍ਰਕਾ 'ਚ ਛਪੇ ਇਹ ਵਿਚਾਰ 15 ਜਨਵਰੀ 2008 'ਚ ਪੰਨਾ (2) ਉਪਰ ਸੰਪਾਦਕ ਨੇ ਮੁੜ ਪ੍ਰਕਾਸ਼ਿਤ ਕੀਤੇ। ਇਸ ਤੋਂ ਪਤਾ ਲੱਗਦਾ ਹੈ ਕਿ ਰਵਿਦਾਸ ਪੱਤ੍ਰਿਕਾ ਆਪਣੀ ਸਥਾਪਨਾ ਤੋਂ ਲਗਭਗ 38 ਸਾਲ ਬਾਅਦ ਵੀ ਆਦਿ-ਧਰਮ ਮੰਡਲ ਦੀ ਵਿਚਾਰਧਾਰਾ ਉਪਰ ਹੀ ਖੜ੍ਹਾ ਹੈ।

ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਸ਼ੁਰੂ ਹੋਇਆ ਇਹ ਸਪਤਾਹਿਕ ਪਰਚਾ ਕਾਫ਼ੀ ਮੁਸ਼ਕਿਲਾਂ ਨਾਲ

**(ਬਾਕੀ ਅਗਲੇ ਸਫੇ 'ਤੇ)**

# ਸਪਤਾਹਿਕ ਰਵਿਦਾਸ ਪੱਤ੍ਰਿਕਾ ਅਤੇ ਆਦਿ-ਧਰਮ ਮੰਡਲ ਲਹਿਰ

(ਸਫਾ 16 ਦੀ ਬਾਕੀ)

ਚਲਦਾ ਹੋਇਆ ਕਈ ਵਾਰ ਬੰਦ ਵੀ ਹੋਇਆ ਤੇ ਹਾਲਾਤ ਠੀਕ ਹੋਣ 'ਤੇ ਮੁੜ ਪ੍ਰਕਾਸ਼ਿਤ ਹੁੰਦਾ ਰਿਹਾ। ਅਜਿਹੀ ਸਥਿਤੀ ਵਿਚ ਜਦੋਂ ਇਕ ਜਨਵਰੀ 2008 ਨੂੰ ਦੋਬਾਰਾ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ ਤਾਂ ਸੰਪਾਦਕ ਸ੍ਰੀ ਮੰਗੂ ਰਾਮ ਜਸਪਾਲ ਨੇ ਪਰਚੇ ਦੇ ਚਾਰ ਨੁਕਾਤੀ ਪ੍ਰੋਗਰਾਮ ਬਾਰੇ ਪਾਠਕਾਂ ਨਾਲ ਜਾਣਕਾਰੀ ਸਾਂਝੀ ਕੀਤੀ। ਆਦਿ ਕੌਮ ਨੂੰ ਇਸ ਪ੍ਰੋਗਰਾਮ ਬਾਰੇ ਜਾਗਰੁਕ ਕਰਦਿਆਂ ਆਦਿ-ਕੌਮ ਦੇ ਇਕੱਠ ਗਰੀਬ ਲੋਕਾਂ ਨੂੰ ਸਿਹਤ ਅਤੇ ਵਿਦਿਅਕ ਸਹੂਲਤਾਂ ਦੇ ਨਾਲ ਬੇਰੁਜ਼ਗਾਰ ਲੜਕੇ ਲੜਕੀਆਂ ਨੂੰ ਰੁਜ਼ਗਾਰ ਦੁਆਉਣ 'ਚ ਮਦਦ ਕਰਨਾ/ਚਾਰ ਨੁਕਾਤੀ ਪ੍ਰੋਗਰਾਮ ਰਾਜਨੀਤਕ ਏਜੰਡਾ ਨਜ਼ਰ ਨਹੀਂ ਆਉਂਦਾ।

ਸਪਤਾਹਿਕ ਰਵਿਦਾਸ ਪੱਤ੍ਰਿਕਾ ਪੰਜਾਬੀ ਦਾ ਅਜਿਹਾ ਪਰਚਾ ਹੈ ਜਿਹੜਾ ਦਲਿਤ ਸਮਾਜ ਅਤੇ ਪੰਜਾਬੀ ਭਾਸ਼ਾ ਲਈ ਸਮਰਪਿਤ ਪਰਚਿਆਂ ਦੀ ਕਤਾਰ ਵਿਚ ਆਉਂਦਾ। ਆਦਿ-ਧਰਮ ਮੰਡਲ ਲਹਿਰ ਵਿਚ ਠਹਿਰਾ ਆਉਣ ਉਪਰੰਤ ਸੰਪਾਦਕ ਨੇ ਇਸ ਨੂੰ ਮੁੜ ਜੀਵੰਤ ਰੂਪ 'ਚ ਉਭਾਰਨ ਦਾ ਯਤਨ ਕੀਤਾ। ਉਨ੍ਹਾਂ ਨੇ ਰਵਿਦਾਸ ਪੱਤ੍ਰਕਾ ਰਾਹੀਂ ਯਤਨ ਕੀਤਾ ਕਿ ਆਦਿ-ਧਰਮੀ ਕੌਮ ਦੇ ਹਰ ਵਰਗ ਦੇ ਲੋਕਾਂ ਨੂੰ ਲਾਮਬੰਦ ਕਰਨਾ ਹੈ। ਆਪਣੇ ਹੱਕਾਂ ਦੀ ਰਾਖੀ ਇਕੱਠ ਦੀ ਲਾਠੀ ਨਾਲ ਹੀ ਕੀਤੀ ਜਾ ਸਕਦੀ ਹੈ। ਅੱਜ ਦੀ ਆਦਿ ਕੌਮ ਲਈ ਬੜੇ ਅਫ਼ਸੋਸ ਅਤੇ ਸ਼ਰਮ ਦੀ ਗੱਲ ਹੈ ਕਿ 1926 'ਚ ਬਾਬੂ ਮੰਗੂ ਰਾਮ ਜੀ ਨੇ 36 ਅਛੂਤ ਕੌਮਾਂ (ਜਾਤੀਆਂ) ਨੂੰ ਇਕ ਲੜੀ ਵਿਚ ਪਿਰੋ ਕੇ 1937 'ਚ ਅੱਠ (8) ਐਮ.ਐਲ. ਪੰਜਾਬ ਅਸੈਂਬਲੀ ਵਿਚ ਭੇਜ ਕੇ ਆਪਣੀ ਕੁਲੀਸ਼ਨ ਵਜ਼ਾਰਤ ਬਣਾ ਕੇ ਦਿਖਾ ਦਿੱਤਾ ਸੀ, ਅੱਜ ਉਹ ਇਕ (ਕੌਮ) ਜਾਤ ਹੀ 36 ਟੁਕੜੀਆਂ ਵਿਚ ਵੰਡੀ ਬੈਠੀ ਹੈ। ਉਨ੍ਹਾਂ ਨੇ ਆਦਿ-ਧਰਮ ਨਾਲ ਜੁੜੇ ਲੋਕਾਂ ਵਿਚ ਆਪਸੀ ਮਤਭੇਦਾਂ ਦੇ ਨਾਲ-ਨਾਲ ਧਾਰਮਿਕ ਪੱਧਰ 'ਤੇ ਉਸਰੇ ਡੇਰਿਆਂ ਬਾਰੇ ਵੀ ਵਿਚਾਰ ਲਿਖੇ ਜਿਹੜੇ ਸ੍ਰੀ ਗੁਰੂ ਰਵਿਦਾਸ ਦੇ ਨਾਂ ਉਪਰ ਆਪਣੀ ਪਛਾਣ ਤਾਂ ਬਣਾਈ ਬੈਠੇ ਹਨ, ਪ੍ਰੰਤੂ ਆਪਸੀ ਮਤਭੇਦਾਂ ਨੂੰ ਖਤਮ ਨਹੀਂ ਕਰ ਸਕੇ।

ਰਵਿਦਾਸ ਪੱਤ੍ਰਿਕਾ ਇਕ ਅਜਿਹਾ ਪਰਚਾ ਸੀ ਜਿਸ ਨੇ ਦਲਿਤ ਸਮਾਜ ਦੇ ਸਾਹਿਤ-ਸਭਿਆਚਾਰ ਧਰਮ ਅਤੇ ਰਾਜਨੀਤੀ ਦੇ ਖੇਤਰ ਵਿਚ 'ਮੀਲ ਪੱਥਰ' ਵਜੋਂ ਕੰਮ ਕੀਤਾ। ਨਾਲ ਹੀ ਦਲਿਤ ਸਮਾਜ ਨੂੰ ਰੋਜ਼ਾਨਾ ਪੇਸ਼ ਆਉਂਦੀਆਂ ਮੁਸ਼ਕਿਲਾਂ, ਇਸ ਸਮਾਜ ਦੀਆਂ ਬਹੂ ਬੇਟੀਆਂ ਨਾਲ ਹੋ ਰਹੇ ਬਲਾਤਕਾਰ, ਜਾਤੀ ਵਿਤਕਰੇ ਦੀਆਂ ਘਟਨਾਵਾਂ ਪਿੰਡਾਂ ਸ਼ਹਿਰਾਂ 'ਚ ਰਵਿਦਾਸ ਸਭਾਵਾਂ ਅਤੇ ਉਨ੍ਹਾਂ ਦੀਆਂ ਕਾਰਗੁਜ਼ਾਰੀਆਂ ਬਾਰੇ ਖੁੱਲ੍ਹ ਕੇ ਲਿਖਿਆ। ਸ੍ਰੀ ਗੁਰੂ ਰਵਿਦਾਸ ਜੀ ਦੇ 40 ਸ਼ਲੋਕਾਂ ਦੀ ਵਿਭਿੰਨ ਵਿਦਵਾਨਾਂ ਰਾਹੀਂ ਵਿਆਖਿਆ ਦਾ ਸਿਲਸਿਲਾ ਲੜੀਵਾਰ ਚਲਦਾ ਰਿਹਾ। ਮਾਸਟਰ ਰਾਮ ਧਨ ਨਾਂਗਲੂ (ਭੋਗਪੁਰ), ਡਾ. ਮਦਨ ਸਾਦਿਕ ਆਦਿਕ ਲੇਖਕ ਲਗਾਤਾਰ ਲਿਖਦੇ ਰਹੇ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਨਾਲ ਸਬੰਧਿਤ 'ਚੇਅਰ' ਸਥਾਪਿਤ ਕਰਨ ਲਈ ਲਗਾਤਾਰ ਸੰਪਾਦਕੀ 'ਚ ਜ਼ਿਕਰ ਹੁੰਦਾ ਰਿਹਾ। ਗੁਰੂ ਜੀ ਦੇ ਜਨਮ ਮੌਤ ਆਦਿਕ ਬਾਰੇ ਖੋਜ ਨਾਲ ਸਬੰਧਤ ਬਹੁਤ ਸਾਰੇ ਵਿਦਵਾਨਾਂ ਦੇ ਲੇਖ ਛਪਦੇ ਰਹੇ। ਬਹੁਤ ਸਾਰੀਆਂ ਭ੍ਰਾਂਤੀਆਂ ਦਾ ਨਿਪਟਾਰਾ ਹੁੰਦਾ ਰਿਹਾ। ਜਿਹੜੇ ਦਲਿਤ ਸਾਹਿਤਕਾਰਾਂ ਨੂੰ ਗੈਰ-ਦਲਿਤ ਪਰਚੇ ਛਾਪਣ ਲਈ ਤਿਆਰ ਨਹੀਂ ਸਨ ਉਨ੍ਹਾਂ ਦੀ ਸਾਹਿਤਕ ਪਤ੍ਰਿਭਾ ਨੂੰ ਉਜਾਗਰ ਕਰਨ ਲਈ ਰਵਿਦਾਸ ਪੱਤ੍ਰਿਕਾ 'ਚ ਸਪਤਾਹਿਕ ਵਿਸ਼ੇਸ਼ ਕਾਲਮ ਪ੍ਰਕਾਸ਼ਿਤ ਹੋਣੇ ਸ਼ੁਰੂ ਹੋਏ।

ਇਹ ਪਰਚਾ ਕਿਉਂਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਵਸ ਮੌਕੇ ਹੋਂਦ ਵਿਚ ਆਇਆ ਸੀ ਇਸ ਲਈ ਗੁਰੂ ਜੀ ਦੇ ਜਨਮ ਦਿਵਸ ਨੂੰ ਸਰਕਾਰੀ ਪੱਧਰ 'ਤੇ ਮਨਾਉਣਾ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ 'ਰਵਿਦਾਸ ਚੇਅਰਾਂ' ਸਥਾਪਿਤ ਕਰਨੀਆਂ-ਗੁਰੂ ਜੀ ਦੇ ਨਾਂ ਨਾਲ ਸਿੱਖਿਆ ਸੰਸਥਾਵਾਂ ਦੀ ਉਸਾਰੀ ਕਰਨ ਲਈ ਅੱਠਵੇਂ ਦਹਾਕੇ ਦੇ ਮੱਧ ਵਿਚ ਹੀ 'ਰਵਿਦਾਸ ਪੱਤ੍ਰਿਕਾ' ਨੇ ਯਤਨ ਕਰਨੇ ਸ਼ੁਰੂ ਕਰ ਦਿੱਤੇ ਸਨ, ਜਿਨ੍ਹਾਂ ਨਾਲ ਸਰਕਾਰੀ ਪੱਧਰ 'ਤੇ ਕਾਫ਼ੀ ਹਾਂਪੱਖੀ ਹੁੰਗਾਰਾ ਮਿਲਿਆ। ਮਹੱਤਵਪੂਰਨ ਗੱਲ ਇਹ ਵੀ ਸੀ ਕਿ 'ਆਦਿ-ਧਰਮ' ਲਹਿਰ ਅਤੇ ਉਸ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲ ਜੀ ਨੂੰ ਮੁੜ ਲੋਕਾਂ ਵਿਚ (ਆਦਿ-ਡੰਕਾ ਤੋਂ ਬਾਅਦ) ਪ੍ਰਚਾਰਣ ਵਾਲਾ ਅਦਾਰਾ ਸਿਫਰ 'ਰਵਿਦਾਸ ਪੱਤ੍ਰਿਕਾ' ਹੀ ਸੀ। ਇਹ ਰਵਿਦਾਸ ਪੱਤ੍ਰਿਕਾ ਦੀ ਹੀ ਹਿੰਮਤ ਸੀ ਕਿ ਮੁੜ ਉਨ੍ਹਾਂ ਨੂੰ ਫਰੀਡਮ ਫਾਈਟਰ ਦੇ ਤੌਰ 'ਤੇ ਪੈਨਸ਼ਨ ਲਗਵਾਈ। ਉਨ੍ਹਾਂ ਦੀਆਂ ਰਚਨਾਵਾਂ (ਮੌਲਿਕ ਲਿਖਤਾਂ) ਨੂੰ ਪ੍ਰਕਾਸ਼ਿਤ ਕੀਤਾ।

'ਰਵਿਦਾਸ ਪੱਤ੍ਰਕਾ' ਰਾਹੀਂ ਬਹੁਤ ਸਾਰੇ ਪਿੰਡਾਂ ਕਸਬਿਆਂ 'ਚ ਪ੍ਰਚਾਰ ਦੇ ਮਾਧਿਅਮ ਰਾਹੀਂ ਗੁਰੂ ਰਵਿਦਾਸ ਯਾਦਗਾਰੀ ਕੇਂਦਰ ਬਣਾਏ, ਇਸ ਸਬੰਧ ਵਿਚ ਪੰਜਾਬ ਦੇ ਬਾਕੀ ਡੇਰਿਆਂ ਦਾ ਵੀ ਅਹਿਮ ਯੋਗਦਾਨ ਹੈ। ਇਨ੍ਹਾਂ ਸਥਾਨਾਂ ਵਿਚੋਂ ਇਕ ਹੈ 'ਦੇਹਰਾ ਸ੍ਰੀ ਗੁਰੂ ਰਵਿਦਾਸ, ਚੱਕ ਹਕੀਮ ਫਗਵਾੜਾ। ਇਸ ਦੇਹਰੇ ਬਾਰੇ ਇਹ ਜਾਣਕਾਰੀ ਮਿਲਦੀ ਹੈ ਕਿ ਇਸ ਥਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਸਬੰਧ ਵਿਚ ਵੀ ਇਸ ਥਾਂ ਬਾਰੇ ਅਤੇ ਸੰਤ ਹੀਰਾ ਦਾਸ ਜੀ ਬਾਰੇ ਮੁਢਲੀ ਜਾਣਕਾਰੀ 'ਰਵਿਦਾਸ ਪੱਤ੍ਰਕਾ' ਵਿਚ ਪ੍ਰਕਾਸ਼ਿਤ ਕੀਤੀ ਗਈ। 'ਰਾਖਵਾਂਕਰਨ' ਸਬੰਧੀ ਵੀ 'ਰਵਿਦਾਸ ਪੱਤ੍ਰਕਾ' 'ਚ ਵੱਖ-ਵੱਖ ਮੌਕਿਆਂ ਉਪਰ ਵਿਗਿਆਨਕ ਢੰਗ ਨਾਲ ਸੰਵਿਧਾਨਕ-ਅਧਿਕਾਰਾਂ ਬਾਰੇ ਚਰਚਾ ਕੀਤੀ ਜਾਂਦੀ ਰਹੀ ਹੈ। ਬਕੌਲ ਸ੍ਰੀ ਮੰਗੂ ਰਾਮ ਜਸਪਾਲ ਮੈਂ 'ਰਵਿਦਾਸ ਪੱਤ੍ਰਕਾ' ਰਾਹੀਂ ਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ-ਸਮਾਜਕ ਕੁਰੀਤੀਆਂ, ਦੂਜੇ ਲੋਕਾਂ ਵਲੋਂ ਆਦਿ-ਧਰਮੀ ਲੋਕਾਂ ਪ੍ਰਤੀ ਨਫ਼ਰਤ, ਉਨ੍ਹਾਂ ਨਾਲ ਬੇਇਨਸਾਫ਼ੀਆਂ, ਧੱਕੇਸ਼ਾਹੀਆਂ ਉਨ੍ਹਾਂ ਦੀਆਂ ਆਰਥਿਕ ਮਜ਼ਬੂਰੀਆਂ, ਉਨ੍ਹਾਂ ਨਾਲ ਰਾਜਨੀਤਕ ਦਗਾ-ਫਰੇਬ ਅਤੇ ਹੋਰ ਅਣਗਿਣਤ ਵਿਤਕਰਿਆਂ ਬਾਰੇ ਜਾਣੂ ਕਰਾਉਂਦੇ ਹਾਂ।' ਬਹੁਤ ਸਾਰੇ ਰਾਖਵਾਂਕਰਨ ਵਿਰੋਧੀ ਸੰਗਠਨਾਂ-ਅਫ਼ਸਰਾਂ ਅਤੇ ਰਾਜਨੀਤਕ ਲੋਕਾਂ ਬਾਰੇ ਵੀ ਰਵਿਦਾਸ ਪੱਤ੍ਰਕਾ ਵਿਚ ਤਾਰਕਿਕ ਢੰਗ ਨਾਲ ਜਵਾਬ ਦੇ ਕੇ, 'ਰਾਖਵਾਂਕਰਨ' ਦੀ ਵਕਾਲਤ ਕੀਤੀ ਜਾਂਦੀ ਹੈ।

### ਆਦਿ ਧਰਮ ਦੀ ਪੁਨਰ ਉਸਾਰੀ ਦਾ ਮਸਲਾ

ਸਪਤਾਹਿਕ 'ਰਵਿਦਾਸ ਪੱਤ੍ਰਕਾ' ਦਾ ਫਰਵਰੀ 1970 'ਚ ਸੰਪਾਦਨ ਕਰਨ ਦਾ ਮੂਲ ਮਨੋਰਥ ਸੀ -'ਆਦਿ-ਧਰਮ' ਨੂੰ ਮੁੜ ਸੁਰਜੀਤ ਕਰਨਾ। ਪੰਜਾਬ ਵਿਚ ਦੋਬਾਰਾ 'ਆਦਿ-ਧਰਮ' ਦੀ ਸਮਾਜਿਕ ਸਭਿਆਚਾਰਕ ਅਤੇ ਰਾਜਨੀਤਕ ਲਹਿਰ ਨੂੰ ਉਭਾਰਨਾ। ਇਸ ਲਈ ਸੰਪਾਦਕ ਨੇ ਪੰਜਾਬ ਆ ਕੇ ਆਦਿ-ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲੀਆ ਨਾਲ 1971 'ਚ ਮੁਲਾਕਾਤ ਕੀਤੀ। ਇਸ ਆਦਿ-ਧਰਮ ਦੀ ਨਵੀਂ ਰੂਪ ਰੇਖਾ ਕੀ ਹੋਵੇਗੀ। ਇਸ ਸਬੰਧ ਵਿਚ ਵਿਚਾਰ ਚਰਚਾ ਉਪਰੰਤ ਮੰਗੂ ਰਾਮ ਮੁਗੋਵਾਲੀਆ ਤੇ ਸਾਬਕਾ ਜਨਰਲ ਸਕੱਤਰ ਸ੍ਰੀ ਹਜ਼ਾਰਾ ਰਾਮ ਇਸ ਸਬੰਧੀ ਸਹਿਮਤ ਹੋ ਗਏ। ਇਸ ਪ੍ਰਕਾਰ ਲਗਾਤਾਰ ਸ੍ਰੀ ਮੰਗੂ ਰਾਮ ਜਸਪਾਲ ਨੇ ਰਾਜਨੀਤਕ ਲੋਕਾਂ ਸਮਾਜ ਸੇਵੀਆਂ, ਧਾਰਮਿਕ ਅਦਾਰਿਆਂ, ਲੇਖਕਾਂ, ਵਿਦਿਆਰਥੀਆਂ ਅਤੇ ਵਿਸ਼ੇਸ਼ ਰੂਪ 'ਚ ਸ੍ਰੀ ਗੁਰੂ ਰਵਿਦਾਸ ਜੀ ਨਾਲ ਸਬੰਧਤ ਡੇਰਿਆਂ ਦੇ ਮੁਖੀਆਂ ਨਾਲ 'ਰਵਿਦਾਸ ਪੱਤ੍ਰਕਾ' ਰਾਹੀਂ ਸੰਪਰਕ ਬਣਾ ਕੇ ਚਾਰ ਦਹਾਕੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ।

ਫਰਵਰੀ 1970 ਤੋਂ 1975 ਤੱਕ 'ਰਵਿਦਾਸ ਪੱਤ੍ਰਕਾ' ਨੇ ਬੁਨਿਆਦੀ ਤੌਰ 'ਤੇ ਇਸ ਆਦਿ-ਧਰਮ ਦੀ ਇਸ ਨਵੀਂ ਦਿੱਖ ਨੂੰ ਬਣਾਉਣ ਲਈ ਨਿਵੇਕਲੇ ਯਤਨ ਕੀਤੇ। ਮੁਢਲੇ ਤੌਰ 'ਤੇ ਕਿਉਂਕਿ ਨਵੇਂ ਆਦਿ-ਧਰਮ ਦੀ ਪੁਨਰ ਸੁਰਜੀਤੀ ਦਾ ਮਸਲਾ ਇੰਗਲੈਂਡ ਵਿਚ ਵੁਲਵਰਹੈਂਮਟਨ ਅਤੇ ਬਰਮਿੰਘਮ ਦੇ ਆਦਿ-ਧਰਮੀਆਂ ਵਲੋਂ ਉਠਾਇਆ ਗਿਆ ਸੀ। ਇਸ ਲਈ ਰਵਿਦਾਸ ਪੱਤ੍ਰਕਾ 'ਚ ਜ਼ਿਆਦਾਤਰ ਲੇਖ 'ਇੰਗਲੈਂਡ ਦੀ ਆਦਿ-ਧਰਮ ਨੂੰ ਦੇਣ' ਬਾਰੇ ਇੰਗਲੈਂਡ ਦੇ ਲੇਖਕਾਂ ਵੱਲੋਂ ਹੀ ਲਿਖੇ ਪ੍ਰਕਾਸ਼ਿਤ ਕੀਤੇ ਜਾਂਦੇ ਸਨ। 1971 'ਚ 'ਆਦਿ ਧਰਮ ਫੈਡਰੇਸ਼ਨ ਆਫ਼ ਯੂਨਾਇਟਿਡ ਕਿੰਗਡਮ' ਰਵਿਦਾਸ ਪੱਤ੍ਰਿਕਾ ਨੂੰ ਹਰ ਪੱਖੋਂ ਸਹਿਯੋਗ ਦੇਣ ਲਈ ਬਣਾਈ ਗਈ। ਇਸ ਲਈ ਮੁਢਲੇ ਤੌਰ 'ਤੇ 'ਰਵਿਦਾਸ ਪੱਤ੍ਰਕਾ' ਨੂੰ ਸਮਰਪਿਤ ਕਰਨ ਤੇ 'ਆਦਿ-ਧਰਮ' ਦੀ ਪੁਨਰ ਸੁਰਜੀਤੀ ਦਾ ਸਵਾਲ 'ਬੁਲਵਰਹੈਮਟਨ' ਤੋਂ ਹੀ ਸ਼ੁਰੂ ਕੀਤਾ ਗਿਆ।

ਇਸ ਸਬੰਧ ਵਿਚ ਉਸ ਸਮੇਂ 'ਪੱਤ੍ਰਕਾ' ਅਤੇ 'ਆਦਿ ਧਰਮ' ਨੂੰ ਸਥਾਪਿਤ ਕਰਨ ਲਈ ਲੇਖਕਾਂ/ਕਵੀਆਂ/ ਬੁੱਧੀਜੀਵੀਆਂ/ ਪੱਤਰਕਾਰਾਂ-ਸਹਿਯੋਗੀਆਂ ਦਾ ਸਭ ਤੋਂ ਵੱਧ ਰੋਲ ਰਿਹਾ। 'ਆਦਿ-ਡੰਕਾ' ਨੇ ਜਿਹੜੀ 'ਆਦਿ-ਧਰਮ' ਬਾਰੇ ਇਕ ਵਿਚਾਰਧਾਰਕ ਸੰਘਰਸ਼ ਦੀ ਬੁਨਿਆਦੀ ਰੱਖ ਦਿੱਤੀ ਸੀ, ਉਸ ਵਿਚ ਅਨੇਕਾਂ ਹੀ ਪੰਜਾਬੀ ਸਾਹਿਤਕਾਰਾਂ ਦਾ ਇਕ ਵਰਗ ਉਦੈ ਹੋਇਆ। ਇਹ ਸਾਰੇ ਹੀ ਸਾਹਿਤਕਾਰ ਕਿੱਸਾਕਾਰ ਅਤੇ ਵਿਸ਼ੇਸ਼ ਰੂਪ 'ਚ ਕਵੀ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ 'ਚ ਪੈਦਾ ਹੋਏ। 'ਆਦਿ-ਡੰਕਾ' ਨੇ ਉਨ੍ਹਾਂ ਨੂੰ 'ਬਤੌਰ ਸ਼ਾਇਰ' ਉਭਾਰਨ ਦਾ ਜਿਹੜਾ ਮੌਕਾ ਦਿੱਤਾ, 'ਰਵਿਦਾਸ ਪੱਤ੍ਰਕਾ' ਨੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਵਿਤਾ ਦੇ ਖੇਤਰ ਵਿਚ 'ਮੁਢਲੀ ਪੀੜ੍ਹੀ' ਵਜੋਂ ਸਥਾਪਿਤ ਕਰਨ 'ਚ ਅਹਿਮ ਰੋਲ ਅਦਾ ਕੀਤਾ। ਇਹੋ ਸ਼ਾਇਰ ਜਿਨ੍ਹਾਂ ਦੀ ਗਿਣਤੀ ਲਗਭਗ ਸੌ ਦੇ ਕਰੀਬ ਹੈ, ਉਹ ਲਗਾਤਾਰ ਵੀਹਵੀਂ ਸਦੀ ਦੇ ਅੰਤ ਤੱਕ 'ਰਵਿਦਾਸ ਪੱਤ੍ਰਿਕਾ' ਰੋਜ਼ਾਨਾ ਜਨਤਕ ਲਹਿਰ 'ਮਾਸਿਕ ਕੌਮੀ ਉਡਾਰੀਆਂ' ਅਤੇ 'ਸਪਤਾਹਿਕ ਬੇਗ਼ਮ ਸ਼ਹਿਰ' (ਬੱਲਾਂ) ਜਲੰਧਰ ਲਈ ਲਿਖਦੇ ਰਹੇ। ਇਥੇ ਇਹ ਤੱਥ ਵੀ ਮਹੱਤਵਪੂਰਨ ਹੈ ਕਿ ਉਹ ਲੇਖਕ ਆਦਿ-ਧਰਮ ਮੰਡਲ ਲਹਿਰ ਤਹਿਤ ਅਛੂਤ ਸਮਾਜ ਦੀ ਮੁਕਤੀ ਲਈ ਇਨਕਲਾਬੀ ਰਚਨਾਵਾਂ ਲਿਖਦੇ ਰਹੇ, ਇਸ ਕਾਰਨ ਉਨ੍ਹਾਂ ਨੂੰ ਬਾਕੀ ਪਰਚਿਆਂ ਅਤੇ ਅਖ਼ਬਾਰਾਂ 'ਚ ਛਪਣ ਦਾ ਮੌਕਾ ਨਹੀਂ ਮਿਲਿਆ। ਇਥੇ ਵੀ ਉਹ ਸਮਾਜਿਕ ਵਿਤਕਰੇ ਦੇ ਨਾਲ ਨਾਲ ਸਾਹਿਤਕ ਵਿਤਕਰੇ ਦਾ ਸ਼ਿਕਾਰ ਹੋ ਗਏ। ਮਜ਼ਬੂਰੀਵਸ ਉਨ੍ਹਾਂ ਨੂੰ ਉਸ ਸਮੇਂ ਯਾਨੀਕਿ 70ਵਿਆਂ ਤੋਂ 9ਵੇਂ ਦਹਾਕੇ ਤੱਕ ਰਵਿਦਾਸ ਪੱਤ੍ਰਕਾ, ਜਨਤਕ ਲਹਿਰ, ਕੌਮੀ ਉਡਾਰੀਆਂ ਅਤੇ ਪੰਦਰਾਂ ਰੋਜ਼ਾਨਾ 'ਸਿਮਰਨ' 'ਚ ਆਪਣੀਆਂ ਰਚਨਾਵਾਂ ਛਪਾਉਣ ਦਾ ਮੌਕਾ ਹੀ ਮਿਲਦਾ ਰਿਹਾ।

ਰਵਿਦਾਸ ਪੱਤ੍ਰਕਾ 'ਚ ਛਪਣ ਵਾਲੇ ਲੇਖਕਾਂ ਨੂੰ ਜੇਕਰ ਵਿਚਾਰਧਾਰਕ ਪੱਧਰ 'ਤੇ ਵੇਖਣਾ ਹੋਵੇ ਤਾਂ ਸਹਿਜੇ ਹੀ ਇਨ੍ਹਾਂ ਵਿਚ ਵਡੇਰਾ ਹਿੱਸਾ 'ਆਦਿ-ਧਰਮ' ਲਹਿਰ ਦੀ ਪੁਨਰ ਸਥਾਪਨਾ ਹਿੱਤ ਪੈਦਾ ਹੋਇਆ ਜਿਨ੍ਹਾਂ ਨੇ ਡਾ. ਅੰਬੇਡਕਰ ਅਤੇ ਗੁਰੂ ਰਵਿਦਾਸ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਕਰਦੇ ਹੋਏ ਉਨ੍ਹਾਂ ਦੀ ਸਮਾਜਕ ਅਤੇ ਧਾਰਮਿਕ ਵਿਚਾਰਧਾਰਾ ਅਨੁਸਾਰ ਕਾਵਿ ਦੀ ਰਚਨਾ ਕੀਤੀ। ਇਸ ਦੇ ਸਮਵਿੱਥ ਆਦਿ ਸਮਾਜ ਨਾਲ ਹੁੰਦੇ ਸਮਾਜ ਅਤੇ ਰਾਜਨੀਤਕ ਵਿਤਕਰੇ ਦੇ ਦੁਖਾਂਤ ਨਾਲ ਸਬੰਧਤ ਵੀ ਕਾਵਿ ਦੀ ਰਚਨਾ ਹੋਈ। ਇਸ ਧਾਰਨਾ ਨੂੰ ਬਾਕੀ ਪਰਚਿਆਂ ਉਪਰ ਵੀ ਲਾਗੂ ਕੀਤਾ ਜਾ ਸਕਦਾ ਹੈ। 'ਰਵਿਦਾਸ ਪੱਤ੍ਰਕਾ' 'ਚ ਛਪਣ ਵਾਲੇ ਸ਼ਾਇਰ ਪੰਜਾਬੀ ਸਾਹਿਤ ਵਿਚ ਪ੍ਰੰਪਰਕ ਕਾਵਿ ਦੀ ਕੋਟੀ 'ਚ ਸ਼ੁਮਾਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਨੂੰ ਸਟੇਜੀ ਸ਼ਾਇਰ ਵਜੋਂ ਵੀ ਜਾਣਿਆ ਜਾਂਦਾ ਹੈ। ਕਿਉਂਕਿ 'ਆਦਿ-ਧਰਮ' ਦੇ ਪ੍ਰਸਾਰ ਵਿਸਥਾਰ ਲਈ ਪਿੰਡਾਂ-ਸ਼ਹਿਰਾਂ ਕਸਬਿਆਂ 'ਚ ਸਮਾਜਕ ਚੇਤਨਾ ਪੱਖੋਂ ਸੈਮੀਨਾਰ ਕਰਵਾਏ ਜਾਂਦੇ ਸਨ। ਇਸ ਲਹਿਰ ਦੇ ਮੰਤਵ ਲਈ ਆਮ ਲੋਕਾਂ ਨੂੰ ਭਾਸ਼ਣਾਂ, ਗੀਤਾਂ-ਕਵਿਤਾਵਾਂ ਰਾਹੀਂ ਚੇਤੰਨ ਕੀਤਾ ਜਾਂਦਾ ਸੀ। ਪੈਂਫ਼ਲਿਟਾਂ-ਹਫ਼ਤਾਵਾਰ ਪੰਦਰਾ ਰੋਜ਼ਾ ਅਤੇ ਮਾਸਿਕ ਪਰਚਿਆਂ ਰਾਹੀਂ ਉਨ੍ਹਾਂ ਨੂੰ ਵਿਚਾਰਧਾਰਕ ਸੰਘਰਸ਼ ਲਈ ਤਿਆਰ ਕੀਤਾ ਜਾਂਦਾ ਸੀ। ਇਸ ਤੋਂ ਬਿਨਾਂ ਹਰ ਤਿਉਹਾਰ, ਦਸਾਂ ਗੁਰੂਆਂ ਦੇ ਗੁਰਪੁਰਬ, ਡਾ. ਅੰਬੇਡਕਰ ਅਤੇ ਗੁਰੂ ਰਵਿਦਾਸ ਨਾਲ ਸਬੰਧਤ ਵਿਸ਼ੇਸ਼ ਦਿਨ ਸਾਰੇ ਭਗਤਾਂ ਅਤੇ ਦਲਿਤ ਅੰਦੋਲਨ ਦੇ ਨਾਇਕਾਂ ਬਾਰੇ ਵਿਸ਼ੇਸ਼ ਰੂਪ 'ਚ ਕਵੀਆਂ ਨੂੰ ਗੀਤ ਕਵਿਤਾਵਾਂ ਲਿਖਣ ਲਈ ਪ੍ਰੇਰਿਆ ਜਾਂਦਾ ਸੀ। ਸਮਾਜ ਸੁਧਾਰ ਦੇ ਅੰਤਰਗਤ ਦਾਜ ਦਹੇਜ ਨਾ ਲੈਣ, ਸਾਦੇ ਵਿਆਹ ਕਰਾਉਣ, ਘੱਟ ਖਰਚ ਕਰਨ ਅਤੇ ਬੱਚਿਆਂ ਨੂੰ ਸਕੂਲ 'ਚ ਭੇਜਣ ਤੇ ਉਚੀ ਸਿੱਖਿਆ ਪ੍ਰਾਪਤ ਕਰਕੇ ਨੌਕਰੀਆਂ ਪ੍ਰਾਪਤ ਕਰਨ ਲਈ ਵੀ ਕਾਵਿ ਦੇ ਮਾਧਿਅਮਾਂ ਰਾਹੀਂ ਗਰੀਬ ਅਤੇ ਦਲਿਤ ਵਰਗ ਨੂੰ ਲਾਮਬੰਦ ਕੀਤਾ ਜਾਂਦਾ ਸੀ। ਹਰ ਹਫ਼ਤੇ ਪੁੰਗਰਦੇ ਲਿਖਾਰੀਆਂ ਨੂੰ ਉਤਸ਼ਾਹ ਪ੍ਰਦਾਨ ਕਰਨ ਲਈ 'ਸਾਹਿਤਕ ਕਿਆਰੀ' ਨਾਂ ਦਾ ਕਾਲਮ ਪ੍ਰਕਾਸ਼ਿਤ ਕੀਤਾ ਜਾਂਦਾ ਸੀ ਜਿਸ ਵਿਚ ਮਿੰਨੀ ਕਹਾਣੀ-ਕਵਿਤਾ, ਗ਼ਜ਼ਲ ਗੀਤ ਅਤੇ ਕਹਾਣੀਆਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ। ਇਹ ਕਾਲਮ 1990 ਦੇ ਆਖੀਰ ਤੱਕ ਚਲਦਾ ਰਿਹਾ। ਸਾਵਣ ਆਇਆ-ਹੋਲੀ-ਵਿਸਾਖੀ-ਦੀਵਾਲੀ ਅਤੇ ਅਜ਼ਾਦੀ ਦਿਵਸ ਆਦਿਕ ਮੌਕਿਆਂ ਉਪਰ ਪਰੌੜ ਕਵੀਆਂ ਕੋਲੋਂ ਰਚਨਾਵਾਂ ਲਿਖਵਾਈਆਂ ਜਾਂਦੀਆਂ ਸਨ।

ਆਦਿ-ਧਰਮ ਨਿਰੋਲ ਦਲਿਤ ਸਮਾਜ ਦੀ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਮੁਕਤੀ ਦਾ ਅੰਦੋਲਨ ਨਹੀਂ ਸੀ। ਸਗੋਂ ਉਹ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ 'ਚ ਚਲੀਆਂ ਸਮਾਜਕ ਅਤੇ ਧਾਰਮਿਕ ਲਹਿਰਾਂ ਵਿਚੋਂ ਇਕ ਸੀ, ਜਿਸ ਨੇ ਅੰਗਰੇਜ਼ ਸ਼ਾਸ਼ਕਾਂ ਦੀ ਰਾਜਨੀਤਕ ਗੁਲਾਮੀ ਦੇ ਨਾਲ ਨਾਲ ਭਾਰਤੀ ਸਮਾਜ ਦੀ ਸਮਾਜਿਕ ਅਤੇ ਧਾਰਮਿਕ ਗੁਲਾਮੀ ਦੇ ਖਿਲਾਫ਼ ਅੰਦੋਲਨ ਦੀ ਸ਼ੁਰੂਆਤ ਕੀਤੀ। ਇਸ ਲਹਿਰ ਦੇ ਮੋਢੀ ਬਾਬੂ ਮੰਗੂ ਰਾਮ ਮੁਗੋਵਾਲੀਆ ਗ਼ਦਰ ਲਹਿਰ ਦੇ ਮੁਢਲੇ ਜੁਝਾਰੂਆਂ ਵਿਚ ਸ਼ਾਮਲ ਸਨ। ਇਸ ਪ੍ਰਕਾਰ ਇਸ ਕਾਵਿ ਵਿਚ ਅੰਗਰੇਜ਼ ਸਾਸ਼ਕਾਂ ਦੇ ਖਿਲਾਫ਼ ਵਿਦਰੋਹ ਭਾਵਨਾਵਾਂ ਵੀ ਹਨ ਤੇ ਨਾਲ-ਨਾਲ ਸਮਾਜਿਕ ਵਿਵਸਥਾ ਦੇ ਪੋਸ਼ਕ ਬ੍ਰਾਹਮਣਵਾਦੀ-ਵਿਵਸਥਾ ਦੇ ਸੰਚਾਲਕਾਂ ਖਿਲਾਫ਼ ਵੀ ਵਿਰੋਧੀ ਭਾਵਨਾਵਾਂ ਪੇਸ਼ ਕੀਤੀਆਂ ਗਈਆਂ ਹਨ। ਆਦਿ-ਧਰਮ ਮੰਡਲ ਲਹਿਰ ਦਲਿਤ ਜਾਗ੍ਰਤੀ ਦੇ ਪੱਖ ਤੋਂ ਪੰਜਾਬ 'ਚ ਉਹ ਰਾਜਨੀਤਕ ਅਜ਼ਾਦੀ ਲਈ ਅੰਦੋਲਨ ਸੀ ਜਿਹੜਾ ਬਾਅਦ ਵਿਚ ਮਹਾਂਰਾਸ਼ਟਰ ਵਿਚ 1970 ਦੇ ਦਹਾਕੇ 'ਚ ਦਲਿਤ ਪੈਂਥਰ' ਦੇ ਰੂਪ 'ਚ ਵੇਖਣ ਨੂੰ ਮਿਲਿਆ।

### ਸੰਪਾਦਨ ਕਾਰਜ

ਰਵਿਦਾਸ ਪੱਤ੍ਰਿਕਾ ਦੇ ਮੁਢਲੇ ਅੰਕਾਂ 'ਚ ਇਕ ਬੰਨ੍ਹੇ 'ਪੱਤ੍ਰਿਕਾ' ਦੇ ਜਨਮ, ਔਕੜਾਂ ਆਦਿਕ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਇਸ ਨੂੰ ਇੰਗਲੈਂਡ ਤੋਂ ਬਿਨਾਂ ਬਾਕੀ ਮੁਲਕਾਂ ਵਿਚ ਪ੍ਰਚਾਰਨ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿਚ ਸਥਾਪਿਤ ਕਰਨ ਲਈ ਵਿਉਂਤਬੰਦੀ ਦਾ ਵਿਸਥਾਰ ਵੀ ਮਿਲਦਾ ਹੈ। ਮੂਲ ਰੂਪ 'ਚ ਕਾਫ਼ੀ ਉਤੇਜਕ ਅਤੇ ਆਦਿ-ਧਰਮ ਦੀ ਵਿਚਾਰਧਾਰਾ ਨਾਲ ਸਬੰਧਿਤ ਕਾਵਿ ਦੀ ਸਿਰਜਣਾ ਦਾ ਆਗਾਜ਼ ਹੁੰਦਾ ਹੈ। ਕਿਉਂਕਿ ਫਰਵਰੀ 1970 ਤੋਂ 1975 ਤੱਕ ਸੰਪਾਦਨ ਦਾ ਕਾਰਜ ਸ੍ਰੀ ਚਾਨਣ ਲਾਲ ਮਾਣਕ ਨੂੰ ਸੌਂਪਿਆ ਗਿਆ ਸੀ। ਮਾਣਕ ਸਾਹਿਬ ਖ਼ੁਦ ਇਕ ਪ੍ਰਤਿਭਾਸ਼ਾਲੀ ਕਵੀ ਸਮੇਂ ਸੰਪਾਦਕ ਸਨ। ਆਦਿ-ਧਰਮ ਮੰਡਲ ਦੇ ਮੁਦਈ ਵੀ ਸਨ ਤੇ ਸ੍ਰੀ ਮੰਗੂ ਰਾਮ ਮੁਗੋਵਾਲੀਆ ਦੇ ਪ੍ਰਸ਼ੰਸ਼ਕ ਵੀ। ਸੋ ਉਨ੍ਹਾਂ ਨੇ 'ਪੱਤ੍ਰਿਕਾ' ਦੇ ਮੁਢਲੇ ਅੰਕਾਂ 'ਚ ਅਜਿਹੇ ਕਾਵਿ ਦੀ ਰਚਨਾ ਲਈ ਉਤਸ਼ਾਹ ਵਿਖਾਇਆ ਜਿਸ ਨਾਲ ਸੁੱਤੀ ਪਈ ਲੋਕਾਈ ਅੰਦਰ 'ਆਦਿ-ਧਰਮ' ਪ੍ਰਤੀ ਮੁੜ ਤੋਂ ਲਗਾਵ ਪੈਦਾ ਹੋ ਸਕੇ। ਇਸ ਲਈ ਜ਼ਰੂਰੀ ਸੀ ਕਿ ਕੌਮ ਨੂੰ ਵੰਗਾਰ ਦੇ ਰੂਪ 'ਚ ਕਾਵਿ ਦੀ ਰਚਨਾ ਕਰਨ ਲਈ ਕਵੀਆਂ ਨੂੰ ਉਤਸਾਹਿਤ ਕੀਤਾ ਜਾਂਦਾ। ਇਸ ਵਿਚ 'ਆਦੀ ਵੀਰ ਨੂੰ ਹਲੂਣਾ', 'ਆਦਿ-ਕੌਮ' ਨੂੰ ਕਿਵੇਂ ਸਮਝਾਇਆ ਜਾਵੇ ਆਦਿ। 'ਕੌਮ ਨੂੰ ਵੰਗਾਰ', 'ਸੁੱਤੀਆਂ ਸਦੀਆਂ ਦੀ ਅਣਖ ਜਗਾ ਦੇਵੇ', 'ਰੱਬ ਨਾਲ ਗੱਲਾਂ' 'ਪਛੜੇ ਲੋਕਾਂ ਦਾ ਕਿਵੇਂ ਕਲਿਆਣ ਹੋਵੇ' ਅਤੇ 'ਅਮਰ ਨਾਮ ਹੈ ਗੁਰੂ ਰਵਿਦਾਸ ਤੇਰਾ' ਆਦਿਕ ਸਿਰਲੇਖਾਂ ਤਹਿਤ ਆਦਿ ਕੌਮ ਨੂੰ ਮੁੜ ਤੋਂ ਸਰਗਰਮ ਹੋਣ ਦਾ ਸਫ਼ਲ ਪ੍ਰਯਾਸ ਇਸ ਕਾਵਿ ਦੇ ਸੰਦਰਭ ਵਿਚ ਯਤਨ ਕੀਤਾ ਗਿਆ। 'ਆਦਿ-ਡੰਕਾ' ਪਿਛੋਂ 'ਰਵਿਦਾਸ ਪੱਤ੍ਰਿਕਾ' 'ਚ ਛਪਣ ਵਾਲੇ ਲਗਭਗ ਸਾਰੇ ਹੀ ਸ਼ਾਇਰ ਦੁਆਬੇ ਨਾਲ ਸਬੰਧਤ ਰਹੇ ਹਨ। 'ਆਦਿ-ਧਰਮ' ਅੰਦੋਲਨ ਪੰਜਾਬ 'ਚ ਸਤਲੁਜ ਤੋਂ ਪਾਰ ਜ਼ਿਆਦਾ ਦੁਆਬੇ ਦੇ ਖੇਤਰ ਤੱਕ ਹੀ ਸੀਮਿਤ ਰਿਹਾ। ਮਾਲਵਾ ਖੇਤਰ ਇਸ ਤੋਂ ਵਿਰਵਾ ਹੀ ਰਿਹਾ। ਇਸ ਕਾਰਨ ਜ਼ਿਆਦਾਤਰ ਸ਼ਾਇਰ ਜਲੰਧਰ, ਫਗਵਾੜਾ, ਨਵਾਂ ਸ਼ਹਿਰ, ਕਪੂਰਥਲਾ, ਹੁਸ਼ਿਆਰਪੁਰ, ਲੁਧਿਆਣਾ ਅਤੇ ਸ਼ਹੀਦ ਭਗਤ ਸਿੰਘ ਨਗਰ ਨਾਲ ਹੀ ਸਬੰਧਤ ਰਹੇ। ਸੋ ਵਧੇਰੇ ਸ਼ਾਇਰਾਂ ਦੀ ਕਵਿਤਾ ਦਾ ਮੁਹਾਵਰਾ ਦੁਆਬਾ ਬੋਲੀ ਉਪਰ ਨਿਰਭਰ ਰਿਹਾ। ਪ੍ਰੰਤੂ ਆਦਿ-ਧਰਮ ਲਹਿਰ ਦੇ ਮੁਢਲੇ ਸਮੇਂ 'ਚ ਇਸ ਦਾ ਖੇਤਰ ਮਹਾਂ-ਪੰਜਾਬ ਅਰਥਾਤ ਹੁਣ ਦਾ ਪਾਕਿਤਸਾਨ (ਲਾਹੌਰ, ਕਰਾਚੀ ਕੋਇਟਾ) ਹਰਿਆਣਾ, ਰਾਜਸਥਾਨ ਅਤੇ ਗੁਜਰਾਤ ਤੱਕ ਫੈਲਿਆ ਹੋਇਆ। ਭਾਰਤ ਦੀ ਪਾਕਿਸਤਾਨ ਵੰਡ ਨੇ ਵੀ ਇਸ ਲਹਿਰ ਉਪਰ ਕਾਫ਼ੀ ਪ੍ਰਭਾਵ ਪਾਇਆ।

ਇਸ ਲਈ 'ਰਵਿਦਾਸ ਪੱਤ੍ਰਿਕਾ' ਦੇ ਫਰਵਰੀ 1970 ਤੋਂ ਲੈ ਕੇ 1980 ਤੱਕ ਆਦਿ-ਧਰਮ ਲਹਿਰ ਨਾਲ ਸਬੰਧਤ ਕਾਵਿ ਦਾ ਮਨੋਰਥ ਲੋਕਾਂ ਨੂੰ ਮੁੜ ਤੋਂ ਆਦਿ-ਧਰਮ ਪ੍ਰਤੀ ਧਾਰਮਿਕ ਅਤੇ ਰਾਜਨੀਤਕ ਪੱਖ ਤੋਂ ਸੁਚੇਤ ਕਰਨਾ ਸੀ। ਇਸ ਵਿਚ ਸਮੁੱਚਾ ਕਾਵਿ ਹੀ ਸੰਬੋਧਨੀ ਸੁਰ ਵਾਲਾ ਨਾਲ ਹੀ ਰਾਜਨੀਤਿਕ ਪੁੱਠ ਵਾਲਾ ਸੀ। ਧਾਰਮਿਕ ਚੇਤਨਾ ਦੇ ਅੰਤਰਗਤ ਸਮਾਜਿਕ ਅਤੇ ਰਾਜਨੀਤਕ ਚੇਤਨਾ ਨੂੰ ਪੈਦਾ ਕਰਨ ਵਾਲਾ ਸਾਹਿਤ ਹੀ ਜ਼ਿਆਦਾਤਰ 'ਰਵਿਦਾਸ ਪੱਤ੍ਰਿਕਾ' 'ਚ ਪ੍ਰਕਾਸ਼ਿਤ ਹੁੰਦਾ ਰਿਹਾ। ਕਵੀਆਂ ਦੀ ਵੰਡ ਅਸੀਂ ਦੋ ਪ੍ਰਕਾਰ ਦੀ ਕਰ ਸਕਦੇ ਹਾਂ। ਇਕ ਬੰਨ੍ਹੇ ਉਹ ਸ਼ਾਇਰ ਹਨ ਜਿਹੜੇ ਆਦਿ-ਧਰਮ ਦੀ ਸਥਾਪਨਾ ਵੇਲੇ ਤੋਂ ਹੀ ਇਸ ਲਹਿਰ ਨਾਲ ਜੁੜੇ ਹੋਏ ਸਨ। ਦੂਸਰਾ ਉਹ ਕਵੀ ਹਨ ਜਿਹੜੇ ਡੇਰਾ ਸੱਚ ਖੰਡ ਬੱਲਾਂ ਨਾਲ ਧਾਰਮਿਕ ਤੌਰ 'ਤੇ ਜੁੜੇ ਹੋਏ ਸਨ। ਗੁਰੂ ਰਵਿਦਾਸ ਅਤੇ ਡੇਰੇ ਦੇ ਸੰਤਾਂ ਦੀ ਉਸਤੱਤ 'ਚ ਸ਼ਰਧਾ ਵਜੋਂ ਕਵਿਤਾ ਲਿਖਦੇ ਸਨ। ਉਨ੍ਹਾਂ ਦੀ ਪਛਾਣ ਲਗਭਗ ਸੱਚਖੰਡ ਡੇਰਾ ਬੱਲਾਂ (ਜਲੰਧਰ) ਵਲੋਂ ਜਨਵਰੀ 1990 'ਚ 'ਸਪਤਾਹਿਕ ਬੇਗਮਪੁਰਾ ਸ਼ਹਿਰ' ਪਰਚਾ ਸ਼ੁਰੂ ਕਰਨ ਤੋਂ ਬਾਅਦ ਵਿਚ ਬਣੀ। ਸੰਤਾਂ ਦੀ ਹਮਾਇਤ ਵੀ ਸੰਤ ਸਰਵਣ ਦਾਸ ਦੇ ਸਮੇਂ ਆਦਿ-ਧਰਮ ਨਾਲ ਸੀ, ਇਸ ਕਾਰਨ ਇਹ ਕਵੀ ਵੀ 1990 ਤੋਂ ਬਾਅਦ ਆਦਿ-ਧਰਮ ਨਾਲ ਸਬੰਧਤ ਹੋ ਗਏ। ਤੀਸਰੀ ਧਿਰ ਅਛੂਤ ਸਮਾਜ ਦੀ ਮੁਕਤੀ ਲਈ ਸੰਘਰਸ਼ ਕਰ ਰਹੇ ਡਾ. ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਨਾਲ ਸਬੰਧਤ ਸਨ।

### ਮੁਢਲੇ ਕਵੀ

ਪੰਜਾਬੀ ਸਾਹਿਤ ਦੀ ਇਸ ਪਹਿਲੀ ਪੀੜ੍ਹੀ ਵਿਚ ਆਦਿ-ਧਰਮ ਨਾਲ ਜੁੜੇ ਹੋਏ ਕਵੀਆਂ ਵਿਚ ਮੁਢਲੇ ਤੌਰ 'ਤੇ ਸ੍ਰੀ ਮੰਗੂ ਰਾਮ ਬਾਹੜੋਵਾਲੀਆ, ਸ੍ਰੀ ਮੰਗੂ ਰਾਮ ਮੁਗੋਵਾਲੀਆ (ਬਾਨੀ ਆਦਿ-ਧਰਮ) ਸ੍ਰੀ ਚਰਨ ਸਿੰਘ ਸਫ਼ਰੀ, ਸ੍ਰੀ ਧੰਨਾ ਸਿੰਘ ਲੰਗੇਰੀ, ਸ੍ਰੀ ਗੁਰਦਾਸ ਰਾਮ ਆਲਮ, ਸ੍ਰੀ ਵਿਸ਼ਨਾ ਰਾਮ ਵਿਰਦੀ ਬੱਲਾਂ, ਸ੍ਰੀ ਚਾਨਣ ਲਾਲ ਮਾਣਕ, ਸ੍ਰੀ ਭਗਤ ਰਾਮ ਦੀਵਾਨਾ, ਸ੍ਰੀ ਪੋਹਲੋ ਰਾਮ ਹੀਰਾ (ਸੰਧਵਾਂ) (ਯੂਕੇ), ਸ੍ਰੀ ਖੁਸ਼ੀ ਰਾਮ ਪ੍ਰਦੇਸੀ (ਬਿਆਸ ਪਿੰਡ), ਸ੍ਰੀ ਮੇਹਰ ਚੰਦ ਮੇਹਰ (ਯੂਕੇ), ਸ੍ਰੀ ਧਨਪਤ ਰਾਏ ਸਰੋਏ (ਯੂਕੇ), ਸ੍ਰੀ ਕਰਤਾਰ ਚੰਦ ਬੈਂਸ (ਕਰਤਾਰਪੁਰੀ), ਸ੍ਰੀ ਕਿਸ਼ਨ ਸਿੰਘ ਬਾਹਲਵੀ (ਕਿਸ਼ਨ ਬਾਹਲਵੀ) ਸ੍ਰੀ ਮਲੂਕ ਚੰਦ ਜਾਡਲਾ, ਸ੍ਰੀ ਹਰੀ ਦਾਸ ਅਰਸ਼ੀ, ਸ੍ਰੀ ਮੇਜਰ ਚੰਦ ਪ੍ਰਦੇਸੀ (ਖਾਨ ਖਾਨਾ), ਸ੍ਰੀ ਪ੍ਰੀਤਮ ਸਿੰਘ ਪ੍ਰੀਤਮ, ਸ੍ਰੀ ਬ੍ਰਹਮ ਸਿੰਘ ਤੇਜ, ਪ੍ਰੋ. ਲਛਮਣ ਦਾਸ ਪ੍ਰਦੇਸੀ, ਸ੍ਰੀ ਪਾਖਰ ਸਿੰਘ ਨਿਮਾਣਾ, ਚੰਨ ਗੁਰਾਇਆਂ ਵਾਲਾ, ਸ੍ਰੀ ਪਿਆਰਾ ਲਾਲ ਬੰਗੜ, ਸ੍ਰੀ ਕੇਵਲ ਸਾਂਵਰਾ ਬਾਹੜੋਵਾਲੀਆ, ਸ੍ਰੀ ਤੇਜ ਭਾਨ ਪ੍ਰਦੇਸੀ (ਤੱਗੜ), ਸ੍ਰੀ ਵਰਿਆਮ ਸਿੰਘ ਚੰਦੜ, ਸ੍ਰੀ ਪ੍ਰੇਮ ਦਾਸ ਜੱਸਲ, ਸ੍ਰੀ ਧਰਮ ਚੰਦ ਸੁੰਮਨ, ਸ੍ਰੀ ਸਤਪਾਲ ਸਲੂਣ, ਸ੍ਰੀ ਐਸ.ਆਰ. ਕਟਾਰੀਆ, ਸ੍ਰੀ ਸੋਹਣ ਸਹਿਜਲ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਹ ਉਹ ਪੀੜ੍ਹੀ ਹੈ ਜਿਨ੍ਹਾਂ ਨੇ ਆਦਿ-ਧਰਮ ਦੀ ਸਥਾਪਨਾ ਤੋਂ ਲੈ ਕੇ ਇਸ ਦੀ ਪੁਨਰ ਸਥਾਪਨਾ ਵੇਲੇ (1926 ਤੋਂ 1990 ਤੱਕ) ਤੱਕ 'ਰਵਿਦਾਸ ਪੱਤ੍ਰਕਾ' ਰਾਹੀਂ ਆਪਣੀ ਸ਼ਨਾਖਤ ਬਣਾਈ। ਇਨ੍ਹਾਂ ਕਵੀਆਂ ਬਾਰੇ ਇਕ ਮਹੱਤਵਪੂਰਨ ਤੱਥ ਇਹ ਹੈ ਕਿ ਇਨ੍ਹਾਂ 'ਚੋਂ ਜ਼ਿਆਦਾ ਕਵੀਆਂ ਨੇ ਇਕ ਤੋਂ ਵਧੇਰੇ ਕਾਵਿ ਪੁਸਤਕਾਂ ਦੀ ਪ੍ਰਕਾਸ਼ਨਾ ਰਾਹੀਂ ਪੰਜਾਬੀ ਬੋਲੀ ਦੀ ਸੇਵਾ ਕੀਤੀ। ਪੰਜਾਬ ਪੰਜਾਬੀਅਤ ਤੋਂ ਬਿਨਾਂ ਸਿੱਖ ਗੁਰੂਆਂ ਅਤੇ ਸਮਾਜ ਸੁਧਾਰ ਬਾਰੇ ਵੀ ਇਨ੍ਹਾਂ ਕਵੀਆਂ ਦੀਆਂ ਸੈਂਕੜੇ ਰਚਨਾਵਾਂ ਸਪਤਾਹਿਕ 'ਰਵਿਦਾਸ ਪੱਤ੍ਰਿਕਾ', ਸਪਤਾਹਿਕ 'ਬੇਗਮ ਸ਼ਹਿਰ', ਮਾਸਿਕ 'ਕੌਮੀ ਉਡਾਰੀਆਂ', ਰੋਜ਼ਾਨਾ 'ਜਨਤਕ ਲਹਿਰ', ਸਪਤਾਹਿਕ 'ਬਦਲਦਾ ਯੁੱਗ', ਪਦਰਾ ਰੋਜ਼ਾ 'ਸਿਮਰਨ', 'ਆਦਿ-ਧਰਮ' ਪੱਤ੍ਰਕਾ ਆਦਿਕ ਪਰਚਿਆਂ 'ਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ। ਇਨ੍ਹਾਂ ਕਵੀਆਂ ਦੀ ਲਗਾਤਾਰ ਲਿਖਣ ਦੀ ਰਚਨਾ ਪ੍ਰਕਿਰਿਆ ਨੇ ਇਨ੍ਹਾਂ ਦੀ ਵਿਸ਼ੇਸ਼ ਪਛਾਣ ਬਣਾਈ।

ਇਸ ਤੋਂ ਬਿਨਾਂ ਇਸ ਪੀੜ੍ਹੀ ਦੇ ਵਿਚੋਂ ਹੀ ਕੁਝ ਅਜਿਹੇ ਸ਼ਾਇਰ ਹਨ ਜਿਹੜੇ ਮੁਢਲੇ ਤੌਰ 'ਤੇ 'ਰਵਿਦਾਸ ਪੱਤ੍ਰਕਾ' ਨਾਲ ਜੁੜੇ ਰਹੇ ਪ੍ਰੰਤੂ ਬਾਅਦ ਵਿਚ ਵਿਦੇਸ਼ਾਂ ਵਿਚ ਪਰਵਾਸ ਧਾਰਨ ਕਰ ਗਏ। ਇਨ੍ਹਾਂ ਵਿਚ 'ਆਦਿ-ਧਰਮ' ਦੇ ਮੱਠਾ ਪੈਣ ਉਪਰੰਤ ਉਨ੍ਹਾਂ ਦੀ ਰਚਨਾਤਮਕ ਕਿਰਿਆ 'ਚ ਵੀ ਖੜੋਤ ਆ ਗਈ। ਇਨ੍ਹਾਂ ਵਿਚ 'ਰਵਿਦਾਸ ਪੱਤ੍ਰਕਾ' ਦੇ ਸ਼ਾਇਰ ਡਾ.ਟੇਕ ਚੰਦ ਗੁੜਾ ਕਲਾਂ ਗੁਰਦਾਸਪੁਰ, ਬਖਸ਼ੀਸ਼ ਸਿੰਘ ਬੇਕੱਲ ਅੱਟਾ, ਸ੍ਰੀ ਕਰਮਚੰਦ ਨਿਰਦੋਸ਼ (ਨੰਗਲ ਟਾਊਨਸ਼ਿਪ), ਮਾਸਟਰ ਮਲਕੀਅਤ ਸਿੰਘ ਗੋਮਰ (ਐਮ.ਏ.) ਸ੍ਰੀ ਚਰਨਜੀਤ ਅੱਟਾ, ਅਮਰ ਚੰਦ ਮਹੇ (ਇੰਗਲੈਂਡ), ਤਰਸੇਮ ਲਾਲ ਬੱਧਣ 'ਪਤਾਰਾਂ, ਪੰਛੀ ਡਲ੍ਹੇਵਾਲੀਆ, ਮਨਜੀਤ ਕੌਰ ਜੰਡੂ ਸਿੰਘਾ ਆਦਿ।

ਇਹ ਉਹ ਕਵੀ ਹਨ ਜਿਨ੍ਹਾਂ ਨੇ ਸਪਤਾਹਿਕ 'ਰਵਿਦਾਸ ਪੱਤ੍ਰਕਾ' ਵਿਚ ਫਰਵਰੀ 1970 ਤੋਂ ਬਾਅਦ ਲਗਾਤਾਰ ਅੰਕਾਂ ਵਿਚ ਛਪਦੇ ਰਹੇ। ਇਸੇ ਸਿਲਸਿਲੇ 'ਚ ਇਹ ਤੱਥ ਕਾਫ਼ੀ ਮਹੱਤਵਪੂਰਨ ਹੈ ਕਿ 'ਆਦਿ-ਧਰਮ ਨਾਲ ਸਬੰਧਤ ਕਵੀਆਂ ਤੋਂ ਬਿਨਾਂ ਉਹ ਸ਼ਾਇਰ ਵੀ 'ਰਵਿਦਾਸ ਪੱਤ੍ਰਕਾ' 'ਚ ਛਪਦੇ ਰਹੇ ਜਿਹੜੇ ਪੰਜਾਬੀ ਸਾਹਿਤ ਵਿਚ ਆਪਣਾ ਵਿਸ਼ੇਸ਼ ਮੁਕਾਮ ਰੱਖਦੇ ਹਨ। ਜਿਨ੍ਹਾਂ ਵਿਚ ਸ੍ਰੀ ਐਸ. ਐਲ. ਵਿਰਦੀ, ਪ੍ਰੇਮ ਗੋਰਖੀ, ਬਲਬੀਰ ਮਾਧੋਪੁਰੀ, ਸ੍ਰੀ ਗੁਰਦਿਆਲ ਰੌਸ਼ਨ, ਸ੍ਰੀ ਸੰਧੂ ਵਰਿਆਣਵੀ, ਸ੍ਰੀ ਭਗਵੰਤ ਰਸੂਲਪੁਰੀ, ਆਰਿਫ ਗੋਬਿੰਦਪੁਰੀ, ਸ੍ਰੀ ਦੇਸ ਰਾਜ ਕਾਲੀ ਆਦਿ ਨੂੰ ਵੀ 'ਰਵਿਦਾਸ ਪੱਤ੍ਰਿਕਾ' 'ਚ ਛਪਣ ਦਾ ਮਾਣ ਹਾਸਲ ਹੁੰਦਾ ਰਿਹਾ।

'ਰਵਿਦਾਸ ਪੱਤ੍ਰਿਕਾ' ਦੀ ਇਹ ਵਿਸ਼ੇਸ਼ ਪਛਾਣ ਰਹੀ ਹੈ ਕਿ 'ਅੰਮ੍ਰਿਤ ਬਾਣੀ' ਦੀ ਵਿਆਖਿਆ ਦੇ ਨਾਲ-ਨਾਲ 'ਆਦਿ-ਧਰਮ' ਅਤੇ ਸ੍ਰੀ 'ਆਦਿ-ਪ੍ਰਕਾਸ਼ ਗ੍ਰੰਥ', ਸ੍ਰੀ ਗੁਰੂ ਰਵਿਦਾਸ ਬਾਣੀ ਦੇ ਵਿਭਿੰਨ ਪ੍ਰਸੰਗ, ਡਾ. ਅੰਬੇਡਕਰ ਸਾਹਿਬ ਦੇ ਜੀਵਨ ਦਰਸ਼ਨ, ਆਦਿ-ਧਰਮ ਬ੍ਰਦਰਹੁੱਡ ਬਾਰੇ ਜਾਣਕਾਰੀ ਤੋਂ ਬਿਨਾਂ ਸਮਕਾਲੀ ਰਾਜਨੀਤਕ ਦ੍ਰਿਸ਼ ਅਤੇ ਰਾਜਨੀਤੀਵਾਨਾਂ ਦੇ ਕਿਰਦਾਰਾਂ ਬਾਰੇ ਲਗਾਤਾਰ ਲੇਖ ਪ੍ਰਕਾਸ਼ਿਤ ਕੀਤੇ ਜਾਂਦੇ ਰਹੇ। ਭਾਰਤ ਵਿਚ ਜਦੋਂ 1975 'ਚ ਐਮਰਜੈਂਸੀ ਲਾਈ ਗਈ, ਉਸ

(ਬਾਕੀ ਅਗਲੇ ਸਫੇ 'ਤੇ)

# ਵੱਡੀ ਮਰਦਮਸ਼ੁਮਾਰੀ

**ਮੂਲ ਲੇਖਕ : ਮਾਰਕ ਜਰਗਨਜ਼ਮਾਇਰ**
**ਅਨੁਵਾਦ : ਮੰਗਤ ਰਾਮ**

ਆਦਿ ਧਰਮ ਲਹਿਰ ਦਾ ਪੂਰਾ ਜ਼ੋਰ 1931 ਦੀ ਮਰਦਮਸ਼ੁਮਾਰੀ ਤੇ ਲੱਗਾ ਹੋਇਆ ਸੀ। ਆਦਿ ਧਰਮ ਦੇ ਗਠਨ ਤੋਂ ਬਾਅਦ ਦੀ ਇਹ ਪਹਿਲੀ ਮਰਦਮਸ਼ੁਮਾਰੀ ਸੀ। ਇਸ ਮਰਦਮਸ਼ੁਮਾਰੀ 'ਚ ਚੰਗੀ ਕਾਰਜਗੁਜ਼ਾਰੀ ਨਾਲ ਹੀ ਆਦਿ ਧਰਮ ਨੂੰ ਮਾਨਤਾ ਮਿਲਣੀ ਸੀ ਤੇ ਉਹਨਾਂ ਦੀ ਗਿਣਤੀ ਵੀ ਜੱਗ ਜ਼ਾਹਿਰ ਹੋ ਜਾਣੀ ਸੀ। ਪਰ ਇਸ ਮਰਦਮਸ਼ੁਮਾਰੀ ਦਾ ਮਹੱਤਵ ਇਸ ਤੋਂ ਵੀ ਵੱਧ ਕੁਝ ਸੀ। ਇਹ ਲਹਿਰ ਲਈ ਇਕ ਨਿਰਣਾਇਕ ਘੜੀ ਸੀ ਜਿਸਨੂੰ ਐਰਿਕ ਐਰਿਕਸਨ 'ਬੀਜਕ ਘਟਨਾ' ਦਾ ਨਾਂਅ ਦਿੰਦਾ ਹੈ। ਗਾਂਧੀ ਦੇ ਪਹਿਲੇ ਸੱਤਿਅਗ੍ਰਹਿ ਦੀ ਤਰ੍ਹਾਂ 1931 ਦੀ ਮਰਦਮਸ਼ੁਮਾਰੀ ਨੂੰ ਲੋਕ ਉਸ ਵੇਲੇ ਦੀ ਤਰ੍ਹਾਂ ਯਾਦ ਕਰਿਆ ਕਰਨਗੇ ਜਦੋਂ ਸਾਰੇ ਪਾੜੇ ਮਿਟ ਜਾਣਗੇ। ਇਸ ਪਿਛਲੀ ਸੋਚ ਤੇ ਇਹ ਕਾਰਜ ਭਵਿੱਖ ਲਈ ਬੜੇ ਅਰਥਪੂਰਨ ਅਧਾਰ ਸਨ।

ਇਹ ਅਜੀਬ ਤਾਂ ਲੱਗਦਾ ਹੈ ਕਿ ਮਰਦਮਸ਼ੁਮਾਰੀ ਤੁਹਾਡੀ ਤਾਕਤ ਤੁਹਾਡੇ ਜਜ਼ਬਾਤਾਂ ਦੇ ਪ੍ਰਗਟਾਅ ਦਾ ਜ਼ਰੀਆ ਬਣੇਗੀ। ਪਰ ਇਸਦੀ ਅਹਿਮੀਅਤ ਬੜੀ ਵਿਹਾਰਕ ਸੀ। ਇਸਦੇ ਕਾਰਨ ਮਰਦਮਸ਼ੁਮਾਰੀ ਦੇ ਅੰਕੜਿਆਂ 'ਚ ਦੇਖੇ ਜਾ ਸਕਦੇ ਹਨ ਭਾਵੇਂ ਕਿ ਪੰਜਾਬ ਦੇ ਵੱਖ-ਵੱਖ ਖਿੱਤਿਆਂ ਚ ਧਾਰਮਿਕ ਸਮੁਦਾਵਾਂ ਦੀ ਅਨੁਪਾਤਿਕ ਗਿਣਤੀ ਅਲੱਗ-ਅਲੱਗ ਹੈ। ਕੇਂਦਰੀ ਪੰਜਾਬ ਜਿੱਥੇ ਆਦਿ ਧਰਮ ਦਾ ਪ੍ਰਭਾਵ ਸਭ ਤੋਂ ਵੱਧ ਸੀ ਉੱਥੇ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦੀ ਗਿਣਤੀ ਵੀ ਲਗਭੱਗ ਬਰਾਬਰ ਸੀ। ਸਤਲੁਜ ਤੇ ਬਿਆਸ ਦੇ ਦੋ-ਆਬ ਖਾਸ ਕਰਕੇ ਜਲੰਧਰ, ਹੁਸ਼ਿਆਰਪੁਰ ਜ਼ਿਲ੍ਹਿਆਂ ਅੰਦਰ ਇਹ ਫ਼ਰਕ ਨਾਂ-ਮਾਤਰ ਹੀ ਸੀ। ਮਰਦਮਸ਼ੁਮਾਰੀ ਦੇ ਅੰਕੜੇ ਵੀ ਇਸ ਗੱਲ ਦਾ ਸਬੂਤ ਹਨ ਕਿ ਇਸ ਇਲਾਕੇ ਦੀ ਇਹ ਵੀ ਖਾਸੀਅਤ ਸੀ ਕਿ ਇੱਥੇ ਅਛੂਤਾਂ ਦੀ ਗਿਣਤੀ ਬਹੁਤ ਸੀ। ਲਗਭੱਗ 23 ਫੀਸਦ। ਜੇਕਰ ਅਛੂਤਾਂ ਨੂੰ ਮਰਦਮਸ਼ੁਮਾਰੀ ਦੀਆਂ ਪਹਿਲੀਆਂ ਸੂਚੀਆਂ ਜਿਹਨਾਂ 'ਚ ਉਹਨਾਂ ਨੂੰ ਹਿੰਦੂ, ਸਿੱਖ ਜਾਂ ਮੁਸਲਮਾਨ ਲਿਖਿਆ ਹੋਇਆ ਹੈ ਵਿੱਚੋਂ ਬਾਹਰ ਕਰਕੇ ਅਲੱਗ ਸਮੂਹ ਵਜੋਂ ਦੇਖਿਆ ਜਾਵੇ ਤਾਂ ਉਹਨਾਂ ਦੀ ਗਿਣਤੀ ਬਾਕੀ ਤਿੰਨੇ ਵੱਡੇ ਸਮੂਹਾਂ ਦੇ ਬਰਾਬਰ ਹੀ ਹੈ। ਜੇਕਰ ਵਿਧਾਨ ਸਭਾਵਾਂ ਅੰਦਰ ਗੋਰੀ ਸਰਕਾਰ ਦੇ ਸੰਪ੍ਰਦਾਇਕ ਨੁਮਾਇੰਦਗੀ ਵਾਲੇ ਸੂਤਰ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਹਰ ਸਮੁਦਾਇ ਵਲੋਂ ਕੀਤੀ ਇਸ ਗਿਣਤੀ-ਮਿਣਤੀ ਨੂੰ ਸਿਆਸੀ ਤਾਕਤ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਅਮਲੀ ਚੋਣਾਂ ਵੇਲੇ ਉਮੀਦਵਾਰਾਂ ਦੀ ਚੋਣ ਉਹਨਾਂ ਨੂੰ ਪਈਆਂ ਵੋਟਾਂ ਦੇ ਅਧਾਰ ਤੇ ਨਹੀਂ ਬਲਕਿ ਉਹਨਾਂ ਨੂੰ ਸੀਟਾਂ ਦੀ ਵੰਡ ਇਸ ਮਰਦਮਸ਼ੁਮਾਰੀ ਦੇ ਅਧਾਰ ਤੇ ਹੋਣੀ ਸੀ।

ਜੇਕਰ ਨੀਵੀਂਆਂ ਜਾਤਾਂ ਨੂੰ ਮਰਦਮਸ਼ੁਮਾਰੀ ਦੀਆਂ ਪੁਰਾਣੀਆਂ ਸੂਚੀਆਂ ਚੋਂ ਕੱਢਕੇ ਉਹਨਾਂ ਨੂੰ ਆਦਿ ਧਰਮ ਵਰਗੀ ਨਵੀਂ ਸੂਚੀ 'ਚ ਦਰਜ ਕਰ ਲਿਆ ਜਾਂਦਾ ਤਾਂ ਸਭ ਤੋਂ ਵੱਧ ਨੁਕਸਾਨ ਹਿੰਦੂਆਂ ਦਾ ਹੋਣਾ ਸੀ।

ਇਸਦਾ ਕਾਰਨ ਮਰਦਮਸ਼ੁਮਾਰੀ ਵਾਲਿਆਂ ਨੂੰ ਇਹ ਨਿਰਦੇਸ਼ ਸਨ ਕਿ ਜੇ ਅਛੂਤ ਉੱਤਰਦਾਤਾ ਆਪਣੀ ਧਾਰਮਿਕ ਪਛਾਣ ਬਾਰੇ ਭੰਬਲਭੂਸੇ 'ਚ ਹੈ ਤਾਂ ਉਹ ਉਸਨੂੰ ਹਿੰਦੂ ਹੀ ਲਿਖਣਗੇ। ਇਹ ਕੋਡ ਇਸ ਤਰ੍ਹਾਂ ਸੀ:

"ਸਾਰੇ ਬਾਲਮੀਕੀ ਜਿਹੜੇ ਮੁਸਲਮਾਨ ਜਾਂ ਇਸਾਈ ਨਹੀਂ ਹਨ ਤੇ ਜੇ ਉਹ ਕੋਈ ਦੂਸਰਾ ਧਰਮ ਨਹੀਂ ਲਿਖਵਾਉਂਦੇ ਤਾਂ ਉਹਨਾਂ ਨੂੰ ਹਿੰਦੂ ਲਿਖਿਆ ਜਾਵੇ। ਇਹ ਨਿਯਮ ਦੂਸਰੇ ਦਲਿਤਾਂ ਤੇ ਵੀ ਲਾਗੂ ਹੁੰਦਾ ਹੈ ਜਿਹਨਾਂ ਦਾ ਕੋਈ ਖਾਸ ਧਰਮ ਨਹੀਂ ਹੈ।"

1909 ਵਿੱਚ ਜਦੋਂ ਮਰਦਮਸ਼ੁਮਾਰੀ ਕਮਿਸ਼ਨਰ ਐਡਵਰਡ ਗੇਟ ਨੇ ਇਹ ਸੁਝਾਅ ਦਿੰਦਿਆਂ ਲਿਖਤੀ ਪੱਤਰ ਜਾਰੀ ਕੀਤਾ ਕਿ ਦਲਿਤਾਂ ਨੂੰ ਹਿੰਦੂਆਂ ਨਾਲੋਂ ਅੱਡ ਸ਼੍ਰੇਣੀ ਵਿੱਚ ਰੱਖਿਆ ਜਾਵੇ ਤਾਂ ਹਿੰਦੂਆਂ ਦਾ ਪ੍ਰਤੀਕਰਮ ਬੜਾ ਰੋਹ ਭਰਿਆ ਸੀ। ਇਸ ਸੁਝਾਅ ਲਾਗੂ ਨਹੀਂ ਹੋਇਆ ਪਰ ਇਹਦਾ ਅਸਰ ਦੇਰ ਤੱਕ ਰਿਹਾ ਸੀ। ਮਰਦਮਸ਼ੁਮਾਰੀ 'ਚ ਆਦਿ ਧਰਮ ਦੇ ਪ੍ਰਸਤਾਵਿਤ ਅੰਦਰਾਜ਼ ਨੇ ਉਹਨਾਂ ਤੌਖਲਿਆਂ ਨੂੰ ਫੇਰ ਤੋਂ ਅੱਗੇ ਲੈ ਆਂਦਾ ਸੀ। ਖਾਸ ਕਰਕੇ ਇਸਨੇ ਆਦਿ ਧਰਮ ਤੇ ਆਰੀਆ ਸਮਾਜ ਵਿਚਕਾਰ ਤਣਾਅ ਦੀ ਲੀਕ ਨੂੰ ਹੋਰ ਗੂਹੜਾ ਕਰ ਦਿੱਤਾ ਜਿਸਦੇ ਬਹੁਤੇ ਮੈਂਬਰ ਮਰਦਮਸ਼ੁਮਾਰੀ ਵਾਲੇ ਮੁੱਦੇ ਤੋਂ ਹੋਣ ਵਾਲੇ ਸਿਆਸੀ ਘਾਟੇ ਦੀ ਸਮਝ ਸੀ। ਗੋਰੀ ਸਰਕਾਰ ਆਦਿ ਧਰਮ ਦੇ ਆਗਮਨ ਤੇ ਖੁਸ਼ ਸੀ ਕਿਉਂਕਿ ਇਸ ਅੰਦਰ ਰਾਸ਼ਟਰਵਾਦ ਵੱਲ ਨੂੰ ਤੁਰ ਪਏ ਆਰੀਆ ਸਮਾਜ ਵਰਗੇ ਹਿੰਦੂ ਸੰਗਠਨ ਦੇ ਵਿਰੋਧ ਦਾ ਮਾਦਾ ਸੀ।

ਜਦੋਂ ਆਦਿ ਧਰਮ ਮਰਦਮਸ਼ੁਮਰੀ ਵਾਲੇ ਰਜਿਸਟਰਾਂ 'ਚ ਵੱਖਰੇ ਧਰਮ ਵਜੋਂ ਦਰਜ ਹੋ ਗਿਆ ਤਾਂ ਤਕਲੀਫ਼ ਤਾਂ ਹੋਣੀ ਹੀ ਸੀ। ਪਰ ਇਹ ਬੜੀ ਵੱਡੀ ਪ੍ਰਾਪਤੀ ਸੀ। ਇਸ ਨਾਲ ਕਾਨੂੰਨੀ ਮਾਨਤਾ ਮਿਲ ਗਈ। ਹੁਣ ਆਦਿ ਧਰਮ ਦੂਸਰੇ ਸੰਗਠਨਾਂ ਤੇ ਸਰਕਾਰ ਨਾਲ ਆਪਣੇ ਤੌਰ ਤੇ ਗੱਲ ਕਰ ਸਕਦਾ ਸੀ। ਸਭ ਤੋਂ ਅਹਿਮ ਗੱਲ ਇਹ ਹੋਈ ਕਿ ਇਸ ਨਾਲ ਲਹਿਰ ਦੀ ਅੰਦਰੂਨੀ ਵਿਚਾਰਧਾਰਾ ਦੀ ਜਿੱਤ ਹੋਈ। ਵੇਲੇ ਦੀ ਲੋੜ ਵੀ ਸੀ ਕਿ ਆਦਿ ਧਰਮ ਨੂੰ ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਵਾਂਗ ਵੱਖਰੀ ਕੌਮ ਦੇ ਤੌਰ ਤੇ ਪਛਾਣਿਆ ਜਾਵੇ। ਇਸ ਨਾਲ ਅਲੱਗ ਪਹਿਚਾਣ ਮਿਲਣ ਲੱਗੀ ਜਿਸਦਾ ਤਹੱਈਆ ਆਦਿ ਧਰਮ ਦੀ ਪਹਿਲੀ ਕਾਨਫ਼ਰੰਸ ਵਿੱਚ ਕੀਤਾ ਗਿਆ ਸੀ:

"ਅਸੀਂ ਹਿੰਦੂ ਨਹੀਂ ਹਾਂ। ਅਸੀਂ ਸਰਕਾਰ ਨੂੰ ਬੜੇ ਜ਼ੋਰਦਾਰ ਸ਼ਬਦਾਂ 'ਚ ਬੇਨਤੀ ਕਰਦੇ ਹਾਂ ਕਿ ਸਾਨੂੰ ਹਿੰਦੂਆਂ ਵਾਲੀ ਸੂਚੀ ਅੰਦਰ ਨਾ ਰੱਖਿਆ ਜਾਵੇ। ਸਾਡਾ ਧਰਮ ਹਿੰਦੂ ਨਹੀਂ ਬਲਕਿ ਆਦਿ ਧਰਮ ਹੈ। ਨਾ ਤਾਂ ਅਸੀਂ ਹਿੰਦੂ ਧਰਮ ਦਾ ਹਿੱਸਾ ਹਾਂ ਤੇ ਨਾ ਹੀ ਹਿੰਦੂ ਧਰਮ ਸਾਡਾ ਹਿੱਸਾ ਹੈ।"

10 ਅਕਤੂਬਰ 1929 ਨੂੰ ਆਦਿ ਧਰਮ ਨੇ ਸਰਕਾਰ ਕੋਲ ਇਹ ਮੰਗ ਰੱਖੀ ਕਿ ਆਦਿ ਧਰਮ ਨੂੰ ਮਰਦਮਸ਼ੁਮਾਰੀ ਵਿੱਚ ਵੱਖਰੇ ਧਰਮ ਵਜੋਂ ਸੂਚੀਬੱਧ ਕੀਤਾ ਜਾਵੇ। ਇਸ ਸੁਝਾਅ ਨੂੰ ਇਕਦਮ ਮੰਨ ਲਿਆ ਗਿਆ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੀਆਂ ਉੱਚੀਆਂ ਜਾਤਾਂ ਦੇ ਵਿਸ਼ਲੇਸ਼ਕ ਅਛੂਤਾਂ ਨੂੰ ਹਿੰਦੂਆਂ ਤੋਂ ਜਾਣ ਬੁਝ ਕੇ ਅਲੱਗ ਕਰਨ ਦੇ ਇਸ ਫੈਸਲੇ ਨੂੰ ਨਿੰਦਿਆਜਨਕ ਉਦੇਸ਼ ਦੀ ਪੂਰਤੀ ਮੰਨਦੇ ਸਨ। ਸਰਕਾਰ ਦੱਸਣ ਤੋਂ ਆਨਾਕਾਨੀ ਕਰਦੀ ਸੀ ਕਿ ਇਹ ਫੈਸਲਾ ਕਿਸ ਤਰ੍ਹਾਂ ਹੋ ਗਿਆ ਸੀ। 1931 ਦੀ ਮਰਦਮਸ਼ੁਮਾਰੀ ਰਿਪੋਰਟ ਵਿੱਚ ਇਹ ਸਪਸ਼ਟ ਦਰਸਾਇਆ ਗਿਆ ਹੈ ਕਿ ਇਹ ਫੈਸਲਾ ਮੰਗੂ ਰਾਮ ਤੇ ਆਦਿ ਧਰਮ ਦੇ ਹੋਰ ਪ੍ਰਤੀਨਿ-ਧੀਆਂ ਦੇ ਜ਼ੋਰ ਪਾਉਣ ਤੇ ਲਿਆ ਗਿਆ ਸੀ ਨਾ ਕਿ ਛਲਾਵੇ ਜਾਂ ਸਰਕਾਰ ਦੀ ਆਪਣੀ ਮਰਜ਼ੀ ਅਨੁਸਾਰ।

ਪੰਜਾਬ ਆਦਿ ਧਰਮ ਮੰਡਲ ਨੇ ਸਰਕਾਰ ਨੂੰ 1930 ਵਿੱਚ ਮਰਦਮਸ਼ੁਮਾਰੀ ਦੀ ਕਵਾਇਦ ਸ਼ੁਰੂ ਕਰਨ ਤੋਂ ਪਹਿਲਾਂ ਬੇਨਤੀ ਕੀਤੀ ਸੀ ਕਿ ਦਲਿਤਾਂ ਨੂੰ ਹਿੰਦੁਸਤਾਨ ਦੇ ਮੂਲ ਨਿਵਾਸੀ ਹੋਣ ਕਾਰਨ ਧਰਮ ਵਾਲੇ ਖਾਨੇ 'ਚ ਆਦਿ ਧਰਮ ਲਿਖਵਾਉਣ ਦੀ ਆਗਿਆ ਦਿੱਤੀ ਜਾਵੇ। ਕਿਉਂਕਿ ਹਿੰਦੂ ਉਹਨਾਂ ਤੋਂ ਦੂਰੀ ਬਣਾਕੇ ਰੱਖਦੇ ਸਨ ਇਸ ਲਈ ਉਹ ਹਿੰਦੂ ਧਰਮ ਨੂੰ ਨਹੀਂ ਮੰਨਦੇ ਹਨ। ਪੰਜਾਬ ਆਦਿ ਧਰਮ ਮੰਡਲ ਦੇ ਪ੍ਰਧਾਨ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਕਿ ਇਹ ਮੱਦ ਮਰਦਮਸ਼ੁਮਾਰੀ ਦੀ ਨਿਯਮਾਵਲੀ 'ਚ ਜੋੜ ਦਿੱਤੀ ਗਈ ਹੈ ਕਿ ਜੋ ਵੀ ਆਪਣਾ ਧਰਮ ਆਦਿ ਧਰਮ ਲਿਖਵਾਉਣਾ ਚਾਹੁੰਦਾ ਹੈ ਉਹਨਾਂ ਨੂੰ ਆਦਿ ਧਰਮ ਵਜੋਂ ਹੀ ਦਰਜ ਕੀਤਾ ਜਾਵੇ।

ਜਦੋਂ ਆਦਿ ਧਰਮ ਮਰਦਮਸ਼ੁਮਾਰੀ ਦੀਆਂ ਲਿਸਟਾਂ ਵਿੱਚ ਦਰਜ ਹੋ ਗਿਆ ਤਾਂ ਇਹ ਜ਼ੋਰ ਲਾਇਆ ਗਿਆ ਕਿ ਬਹੁਤੇ ਲੋਕ ਇਸਨੂੰ ਹੀ ਆਪਣਾ ਅਸਲੀ ਧਰਮ ਲਿਖਾਉਣ। ਸੰਗਠਨ ਨੇ ਇਸ ਟੀਚੇ ਦੀ ਪ੍ਰਾਪਤੀ ਲਈ ਬਰਾਂਚ ਦਫ਼ਤਰਾਂ ਤੇ ਬਹੁਤ ਸਾਰੇ ਪੇਂਡੂ ਕਾਮੇ ਲਾ ਦਿੱਤੇ। ਇਹ ਬੜਾ ਖਿਚੋਤਾਣ ਵਾਲਾ ਸਮਾਂ ਸੀ। ਆਦਿ ਧਰਮ ਨੇ ਗਰੀਬਾਂ ਦੀ ਇਕੋ-ਇਕ ਦੌਲਤ ਉਹਨਾਂ ਦੀ ਗਿਣਤੀ ਦਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਤੇ ਦੂਸਰੇ ਸਮੁਦਾਵਾਂ ਦੀ ਗਿਣਤੀ ਨੂੰ ਵੀ ਆਪਣੇ ਵੱਲ ਖਿੱਚਣ ਲੱਗੇ। ਆਦਿ ਧਰਮ ਰਿਪੋਰਟ 'ਚ ਉਸ ਵੇਲੇ ਦੇ ਹਾਲਤਾਂ ਬਾਰੇ ਲਿਖਿਆ ਹੈ:

'ਮਰਦਮਸ਼ੁਮਾਰੀ ਦੌਰਾਨ ਜੇਕਰ ਕੋਈ ਆਦਿ ਧਰਮੀ ਦੱਸਦਾ ਸੀ ਤਾਂ ਉਹ ਲਿਖਦੇ ਨਹੀਂ ਸਨ। ਉਹ ਲੋਕ ਕਹਿੰਦੇ ਸਨ ਕਿ ਤੁਸੀਂ ਸਾਡੇ ਭਰਾ ਹੋ ਪਰ ਉਹ ਸਾਡੇ ਨਾਲ ਬਿੱਲਿਆਂ-ਕੁੱਤਿਆਂ ਵਰਗਾ ਵਤੀਰਾ ਕਰਦੇ ਸਨ। ਜੇ ਅਸੀਂ ਮਰਦਮਸ਼ੁਮਾਰੀ ਕਰਨ ਵਾਲੇ ਨੂੰ ਕਹਿੰਦੇ ਕਿ ਅਸੀਂ ਆਦਿ ਧਰਮੀ ਹਾਂ ਤਾਂ ਅਕਾਲੀ-ਸਿੱਖ ਰੌਲਾ ਪਾ ਲੈਂਦੇ।

ਉਹ ਸਾਡੇ ਘਰਾਂ ਮੋਹਰੇ ਕੰਡਿਆਲੀਆਂ ਝਾੜੀਆਂ ਰੱਖ ਦਿੰਦੇ ਸਨ। ਉਹ ਸਾਨੂੰ ਖੂਹਾਂ ਤੋਂ ਪਾਣੀ ਨਾ ਭਰਨ ਦਿੰਦੇ ਨਾ ਹੀ ਸਾਨੂੰ ਦੁਕਾਨਾਂ ਤੋਂ ਸੌਦਾ ਖਰੀਦਣ ਦਿੰਦੇ। ਉਹ ਸਾਨੂੰ ਕੁ-ਨਾਵਾਂ ਨਾਲ ਬੁਲਾਉਂਦੇ, ਸਾਨੂੰ ਤੰਗ ਕਰਦੇ ਤੇ ਸਾਡੇ ਪਸ਼ੂਆਂ ਨੂੰ ਵੀ ਬਾਹਰ ਨਹੀਂ ਚਰਨ ਦਿੰਦੇ ਸਨ। ਸਾਡੀਆਂ ਧੀਆਂ ਦੀ ਰਾਹਾਂ ਚ ਬੇਪਤੀ ਕੀਤੀ ਗਈ, ਉਹਨਾਂ ਨਾਲ ਧੱਕੇ ਕੀਤੇ।

ਕਈ ਵਾਰ ਉਹਨਾਂ ਸਾਡੇ ਘਰਾਂ ਨੂੰ ਸਾੜਿਆ, ਲੁੱਟਿਆ ਤੇ ਤਬਾਹ ਕੀਤਾ। ਉਹ ਸਾਡੀ ਛੇ ਮਹੀਨੇ ਤੋਂ ਲੈ ਕੇ ਸਾਲ ਤੱਕ ਦੀ ਮਜ਼ਦੂਰੀ ਰੋਕੀ ਰੱਖਦੇ; ਸਾਡੇ ਪਸ਼ੂ ਡੱਕ ਲੈਂਦੇ; ਸਾਡੇ ਘਰਾਂ ਤੇ ਸੁੱਕਾ ਘਾਹ ਸੁੱਟਕੇ ਅੱਗ ਲਾ ਕੇ ਜਿਉਂਦਿਆਂ ਸਾੜਨ ਦੀ ਕੋਸ਼ਿਸ਼ ਕਰਦੇ। ਉਹ ਸਾਨੂੰ ਛੱਪੜਾਂ ਦਾ ਗੰਦਾ ਪਾਣੀ ਵੀ ਨਾ ਪੀਣ ਦਿੰਦੇ। ਛੱਪੜਾਂ ਦੁਆਲੇ ਸਿੱਖ ਸਵੈ-ਸੇਵਕ ਗੰਦੇ ਪਾਣੀ ਦੀ ਰਾਖੀ ਲਈ ਖੜੇ ਹੁੰਦੇ। ਬਿਨ੍ਹਾਂ ਵਜਾਹ ਸਾਡੇ ਤੇ ਮੁਕੱਦਮੇ ਕਰ ਦਿੰਦੇ ਤੇ ਸਾਨੂੰ ਬੰਦੂਕਾਂ, ਪਿਸਤੌਲਾਂ ਤੇ ਤਲਵਾਰਾਂ ਨਾਲ ਡਰਾਉਂਦੇ-ਧਮਕਾਉਂਦੇ। ਸਾਡੇ ਬੱਚਿਆਂ ਨੂੰ ਭੁੱਖੇ ਮਰਦੇ ਦੇਖਕੇ ਵੀ ਇਹਨਾਂ ਨੂੰ ਤਰਸ ਨਹੀਂ ਆਉਂਦਾ ਸੀ। ਸਾਡੇ ਬਜ਼ੁਰਗ ਜੰਗਲਾਂ ਚ ਜਾ ਕੇ ਖਾਣ ਲਈ ਘਾਹ ਵੱਢ ਕੇ ਲਿਆਉਂਦੇ। ਸਿੱਖ ਸਵੈ ਸੇਵਕ ਸਾਡੀਆਂ ਤੌੜੀਆਂ ਵੀ ਤੋੜ ਦਿੰਦੇ ਸਨ। ਪਰ ਏਨੀਆਂ ਔਕੜਾਂ ਦੇ ਬਾਵਜੂਦ ਵੀ ਆਦਿ ਧਰਮੀ ਲੋਕਾਂ ਨੇ ਆਪਣਾ ਸੰਦੇਸ਼ ਬਾਕੀ ਲੋਕਾਂ ਤੱਕ ਪਹੁੰਚਾਇਆ।

ਜਿਵੇਂ ਕਿ ਇਸ ਰਿਪੋਰਟ ਤੋਂ ਸੰਕੇਤ ਮਿਲਦਾ ਹੈ ਕਿ ਹਿੰਦੂਆਂ ਨਾਲੋਂ ਸਿੱਖਾਂ ਨੂੰ ਆਦਿ ਧਰਮ ਤੋਂ ਬਹੁਤੀ ਔਖ ਸੀ। ਇਕ ਬਜ਼ੁਰਗ ਆਦਿ ਧਰਮੀ ਨੇ ਦੱਸਿਆ: ਹਿੰਦੂ ਸਿੱਖਾਂ ਨੂੰ ਧੱਕੇ ਨਾਲ ਮਰਦਮਸ਼ੁਮਾਰੀ 'ਚ ਸ਼ਾਮਲ ਕਰ ਲੈਂਦੇ ਤੇ ਉਹਨਾਂ ਨੂੰ ਤੰਗ ਕਰਦੇ। ਇਹਦਾ ਬਦਲਾ ਸਿੱਖ ਸਾਡੇ ਤੋਂ ਲੈਂਦੇ । ਸਿੱਖਾਂ ਨੇ ਨਨਕਾਣਾ ਸਾਹਿਬ ਦੀ ਆਦਿ ਧਰਮ ਰੈਲੀ ਵੇਲੇ ਰਸੋਈ ਤੋੜ ਦਿੱਤੀ। ਇਸ ਰੈਲੀ 'ਚ ਸ਼ਾਮਲ ਲੋਕਾਂ ਤੇ ਗਰਮ-ਗਰਮ ਚੌਲ ਸੁੱਟਕੇ ਤੇ ਬਹੁਤ ਸਾਰੇ ਆਦਿ ਧਰਮੀਆਂ ਨੂੰ ਕੁੱਟ ਕੇ ਇਹ ਰੈਲੀ ਸਿਰੇ ਨਹੀਂ ਚੜਨ ਦਿੱਤੀ। ਇਕ ਹੋਰ ਥਾਂ ਦੋ ਆਦਿ ਧਰਮੀ ਸੰਗਠਨਕਰਤਾ ਮਾਰ ਦਿੱਤੇ। ਮਰਦ-ਮਸ਼ੁਮਾਰੀ ਦੇ ਮਹੱਤਵ ਬਾਰੇ ਦੱਸਣ ਲਈ ਲਹਿਰ ਨੇ ਇਹਨਾਂ ਘਟ-ਨਾਵਾਂ ਦਾ ਬੜਾ ਪ੍ਰਚਾਰ ਕੀਤਾ ਤੇ ਅਛੂਤਾਂ ਨੂੰ ਇਸ ਮੌਕੇ ਮਜ਼ਬੂਤੀ ਨਾਲ ਡਟੇ ਰਹਿਣ ਲਈ ਹਰ ਕੋਸ਼ਿਸ਼ ਕੀਤੀ। ਹੇਠਲਾ ਗੀਤ ਇਸ ਗੱਲ ਦੀ ਗਵਾਹੀ ਹੈ:

ਛੋਟੇ-ਮੋਟੇ ਛੱਡਕੇ ਝੇੜੇ
ਸਿਰ ਤੇ ਲਾਲ ਪੱਗ ਸਜਾਉਣੀ
ਆਪਣੀ ਕੌਮ ਬਿਨ੍ਹਾਂ ਨਹੀਂ
ਹੋਰ ਕੋਈ ਦਰਜ ਕਰਾਉਣੀ
ਆਦਿ ਧਰਮੀਆਂ ਹੋ ਤਕੜਾ।

ਇਹ ਆਦਿ ਧਰਮ ਲਈ ਸੱਚੀਂ ਹੀ ਬੜਾ ਰੁਝੇਵਿਆਂ ਭਰਿਆ ਤੇ ਉਹਦੀ ਚੜ੍ਹਤ ਦਾ ਵੇਲਾ ਵੀ ਸੀ। ਪੰਜਾਬ ਵਿੱਚ 1931 ਦੀ ਮਰਦਮਸ਼ੁਮਾਰੀ ਵਿੱਚ ਆਦਿ ਧਰਮੀਆਂ ਦੀ ਕੁੱਲ ਗਿਣਤੀ 418789 ਸੀ। ਇਹ ਗਿਣਤੀ ਪੰਜਾਬ ਦੇ ਈਸਾਈਆਂ ਦੀ ਗਿਣਤੀ ਦੇ ਲਗਭੱਗ ਬਰਾਬਰ ਸੀ। ਮੰਗੂ ਰਾਮ ਨੇ ਦੱਸਿਆ ਕਿ ਈਸਾਈ ਪਿਛਲੇ ਪੰਜਾਹ ਸਾਲਾਂ ਤੋਂ ਲੋਕਾਂ ਨੂੰ ਆਪਣੇ ਧਰਮ 'ਚ ਰਲਾ ਰਹੇ ਸਨ ਜਦਕਿ ਆਦਿ ਧਰਮੀ ਪਿਛਲੇ ਪੰਜ ਸਾਲਾਂ ਤੋਂ ਹੀ ਸਰਗਰਮ ਹਨ। ਜਲੰਧਰ ਜ਼ਿਲੇ ਵਿੱਚ ਲਗਭੱਗ ਅੱਸੀ ਫੀਸਦ ਨੀਵੀਆਂ ਜਾਤਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਲਿਖਵਾਇਆ। ਹੁਸ਼ਿਆਰਪੁਰੋਂ ਵੀ ਗਿਣਤੀ ਏਨੀ ਕੁ ਹੀ ਸੀ। ਅੱਧੀ ਦਰਜਨ ਹੋਰ ਜ਼ਿਲਿਆਂ ਦੀ ਲਗਭੱਗ ਅੱਧੀ ਅਬਾਦੀ ਨੇ ਆਪਣੇ ਆਪ ਨੂੰ ਆਦਿ ਧਰਮੀ ਦਰਜ ਕਰਵਾਇਆ ਸੀ। ਪਰ ਪੰਜਾਬ ਦੀ ਕੁੱਲ ਅਬਾਦੀ ਦੇ ਹਿਸਾਬ ਆਦਿ ਧਰਮੀਆਂ ਦੀ ਗਿਣਤੀ ਬਹੁਤੀ ਨਹੀਂ ਸੀ। ਬੱਸ ਡੇਢ ਕੁ ਫੀਸਦ। ਇਹ ਤਾਂ ਪੰਜਾਬ ਦੀਆਂ ਨੀਵੀਆਂ ਜਾਤਾਂ ਦੀ ਅਬਾਦੀ ਦਾ ਦਸਵਾਂ ਕੁ ਹਿੱਸਾ ਹੀ ਬਣਦਾ ਸੀ। ਆਦਿ ਧਰਮ ਦੇ ਨੇਤਾਵਾਂ ਨੇ ਦਾਅਵੇ ਨਾਲ ਕਿਹਾ ਕਿ ਵੱਡੇ ਪੱਧਰ ਤੇ ਸਾਨੂੰ ਡਰਾ-ਧਮਕਾ ਕੇ ਆਦਿ ਧਰਮੀ ਵਜੋਂ ਦਰਜ ਹੋਣ ਤੋਂ ਰੋਕਿਆ ਗਿਆ ਸੀ। ਅਖ਼ਬਾਰਾਂ ਦੀਆਂ ਖ਼ਬਰਾਂ ਤੇ ਮਰਦਮਸ਼ੁਮਾਰੀ ਦੀਆਂ ਟਿੱਪਣੀਆਂ ਵੀ ਇਸ ਗੱਲ ਦਾ ਸਮਰਥਨ ਕਰਦੀਆਂ ਹਨ। ਸਿੱਟੇ ਵਜੋਂ ਕੁਝ ਆਦਿ ਧਰਮੀ ਨੇਤਾ ਮਹਿਸੂਸ ਕਰਦੇ ਸਨ ਕਿ ਉਹਨਾਂ ਦੀ ਅਸਲ ਗਿਣਤੀ ਇਸ ਤੋਂ ਚਾਰ ਗੁਣਾ ਵੱਧ ਭਾਵ ਵੀਹ ਲੱਖ ਤੱਕ ਹੋ ਸਕਦੀ ਸੀ।

ਇਹ ਪੰਜ ਜਾਂ ਵੀਹ ਲੱਖ ਆਦਿ ਧਰਮੀ ਕੌਣ ਸਨ? ਮਰਦਮਸ਼ੁਮਾਰੀ ਦੇ ਅੰਕੜੇ ਜ਼ਿਲੇਵਾਰ ਜਾਂ ਜਾਤ ਅਨੁਸਾਰ ਹੋਣ ਕਾਰਨ ਉਹਨਾਂ ਦੀ ਭੂਗੋਲਿਕ ਵੰਡ ਤੇ ਜਾਤੀ ਵਖਰੇਂਵਿਆਂ ਦੀ ਨਿਸ਼ਾਨਦੇਹੀ ਕਰਨਾ ਸੰਭਵ ਹੈ।

ਭੂਗੋਲਿਕ ਵੰਡ ਬੜੀ ਨਾਟਕੀ ਰੂਪ ਰੇਖਾ ਪੇਸ਼ ਕਰਦੀ ਹੈ। ਨਕਸ਼ਾ 2 ਤੇ ਆਦਿ ਧਰਮ ਦੇ ਦੋ ਕੇਂਦਰ ਇਕਦਮ ਸਪਸ਼ਟ ਹਨ: ਇਕ ਜਲੰਧਰ ਦੋ-ਆਬ ਦਾ ਇਲਾਕਾ ਜਿਸ ਵਿੱਚ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਰਿਆਸਤ ਸ਼ਾਮਿਲ ਹਨ) ਤੇ ਦੂਸਰਾ ਲਾਇਲਪੁਰ ਦੇ ਇਲਾਕੇ ਵਿੱਚ (ਜਿਸ ਵਿੱਚ ਸ਼ੇਖੂਪੁਰਾ, ਮੁਲਤਾਨ ਤੇ ਮਿੰਟਗੁਮਰੀ ਜ਼ਿਲੇ ਸ਼ਾਮਲ ਸਨ)।

ਇਸਦੇ ਜਲੰਧਰ ਦੋ-ਆਬ ਵਿੱਚ ਬਹੁਗਿਣਤੀ ਹੋਣ ਦੇ ਕਾਰਨ ਸਪਸ਼ਟ ਹਨ ਕਿ ਇਹ ਲਹਿਰ ਦਾ ਕੇਂਦਰ ਸੀ। ਪਰ ਇਹ ਸਪਸ਼ਟ ਨਹੀਂ ਹੈ ਕਿ ਲਾਇਲਪੁਰ ਜ਼ਿਲ੍ਹੇ ਅੰਦਰ ਏਨੇ ਉਤਸ਼ਾਹਜਨਕ ਅੰਕੜੇ ਕਿਵੇਂ ਪ੍ਰਾਪਤ ਹੋਏ। ਇਕ ਸਪਸ਼ਟੀਕਰਨ ਤਾਂ ਇਹ ਹੋ ਸਕਦਾ ਹੈ ਕਿ ਨਵੀਆਂ ਸ਼ਹਿਰੀ ਬਸਤੀਆਂ ਵਿੱਚ ਆਉਣ ਵਾਲੇ ਬਹੁਤੇ ਜਲੰਧਰ ਤੋਂ ਚਮਾਰ ਸਨ। ਇਸ ਉਤਸ਼ਾਹਜਨਕ ਸਮਰਥਨ ਦਾ ਦੂਸਰਾ ਸਰੋਤ ਕਾਂਗੜੇ ਦਾ ਪਹਾੜੀ ਇਲਾਕਾ (18 ਫੀਸਦ ਆਦਿ ਧਰਮੀ) ਤੇ ਸ਼ਾਹਪੁਰ ਤੇ ਗੁਜਰਾਤ ਦਾ ਉੱਤਰ-ਪੱਛਮੀ ਇਲਾਕਾ ਸੀ। ਇਹਨਾਂ ਇਲਾਕਿਆਂ ਵਿੱਚ ਆਦਿ ਧਰਮ ਨੇ ਰਾਜਪੂਤਾਂ ਦੀ ਧੱਕੇਸ਼ਾਹੀ ਵਿਰੁੱਧ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਲਾਮਬੰਦ ਕਰਨ ਲਈ ਬਹੁਤ ਸਾਰੀਆਂ ਸੰਗਠ-ਨਾਤਿਮਕ ਕਾਰਵਾਈਆਂ ਕੀਤੀਆਂ। ਬੜੀ ਹੈਰਾਨੀ ਦੀ ਗੱਲ ਹੈ ਕਿ ਅੰਮ੍ਰਿਤਸਰ ਤੇ ਲਾਹੌਰ ਜ਼ਿਲਿਆਂ ਵਿੱਚੋਂ ਆਦਿ ਧਰਮੀਆਂ ਦੀ ਹਾਜ਼ਰੀ ਬੜੀ ਘੱਟ ਸੀ ਕਿਉਂਕਿ ਦੋਵੇਂ ਜ਼ਿਲ੍ਹੇ ਜਲੰਧਰ ਤੇ ਲਾਇਲਪੁਰ ਵਾਲੇ ਗੜ੍ਹ ਵਿਚਕਾਰ ਸਨ।



ਮਾਰਕ ਜਰਗਨਜ਼ਮਾਇਰ

ਅੰਕੜਿਆਂ ਦੀ ਇਸ ਬੇਤਰਤੀਬੀ ਦੀ ਸਧਾਰਨ ਜਿਹੀ ਵਿਆਖਿਆ ਇਹ ਹੈ ਕਿ ਇੱਥੇ ਹਿੰਦੂ-ਸਿੱਖਾਂ ਦੀ ਗਿਣਤੀ ਦੇ ਮੁਕਾਬਲੇ ਅਨੁਸੂਚਿਤ ਜਾਤਾਂ ਦੀ ਗਿਣਤੀ ਬੜੀ ਘੱਟ ਸੀ-ਜਲੰਧਰ ਵਿੱਚ 135000 ਦੇ ਮੁਕਾਬਲੇ ਅੰਮ੍ਰਿਤਸਰ ਵਿੱਚ 30000 ਤੇ ਲਾਹੌਰ ਵਿੱਚ 50000 ਦੇ ਕਰੀਬ। ਉਸ ਤਰ੍ਹਾਂ ਵੀ ਅੰਮ੍ਰਿਤਸਰ ਤੇ ਲਾਹੌਰ ਦੇ ਬਹੁਤੇ ਅਨੁਸੂਚਿਤ ਜਾਤੀਏ ਵਾਲਮੀਕੀ ਸਨ ਨਾ ਕਿ ਚਮਾਰ ਤੇ ਆਦਿ ਧਰਮ ਦੇ ਬਹੁਤੇ ਸਮਰਥਕ ਚਮਾਰ ਸਨ। ਉਹਨਾਂ ਦੇ ਰਿਹਾਇਸ਼ੀ ਇਲਾਕਿਆਂ ਦੇ ਇਲਾਵਾ ਮਰਦਮਸ਼ੁਮਾਰੀ ਦੇ ਅੰਕੜੇ ਆਦਿ ਧਰਮ ਲਿਖਾਉਣ ਵਾਲਿਆਂ ਦੇ ਸਮਾਜੀ ਵਤੀਰੇ ਤੇ ਵੀ ਝਾਤ ਪਵਾਉਂਦੇ ਹਨ।

ਉਦਾਹਰਨ ਲਈ ਆਦਿ ਧਰਮੀਆਂ ਦੀ ਸਾਖਰਤਾ ਦਰ ਨੀਵੀਆਂ ਜਾਤਾਂ ਦੇ ਦੂਸਰੇ ਮੈਂਬਰਾਂ ਨਾਲੋਂ ਦੁੱਗਣੀ ਸੀ। ਇਹ ਸੰਭਵਤਾ ਉਮਰ ਵੱਲ ਵੀ ਸੰਕੇਤ ਕਰਦਾ ਹੈ ਕਿਉਂਕਿ ਨੌਜਵਾਨਾਂ ਨੇ ਨਵੇਂ ਵਿੱਦਿਅਕ ਮੌਕੇ ਜ਼ਿਆਦਾ ਪਹੁੰਚ 'ਚ ਸਨ। ਉਹ ਆਰਥਿਕ ਪੱਖੋਂ ਵੀ ਚੰਗੇ ਸਨ ਕਿਉਂਕਿ ਉਹਨਾਂ ਦੀ ਗਿਣਤੀ ਪੰਜਾਬ ਦੇ ਸਰਦੇ-ਪੁੱਜਦੇ ਰਿਹਾਇਸ਼ੀ ਇਲਾਕਿਆਂ ਵਿੱਚ ਵਾਹਵਾ ਸੀ।

ਮਰਦਮਸ਼ੁਮਾਰੀ ਦੇ ਅੰਕੜੇ ਇਹ ਸੰਕੇਤ ਵੀ ਦਿੰਦੇ ਹਨ ਕਿ ਭਾਵੇਂ ਆਦਿ ਧਰਮੀ ਕਈ ਜਾਤਾਂ 'ਚੋਂ ਆਏ ਸਨ ਪਰ ਵੱਡੀ ਗਿਣਤੀ ਚਮਾਰਾਂ ਦੀ ਹੀ ਸੀ। ਭਾਵੇਂ ਕੁਝ ਕੁ ਬਾਲਮੀਕੀਆਂ ਨੇ ਵੀ ਆਪਣੇ ਆਪ ਨੂੰ ਆਦਿ ਧਰਮੀ ਵਜੋਂ ਦਰਜ ਕਰਵਾਇਆ ਪਰ ਇਹ ਜ਼ਿਆਦਾਤਰ ਕੁਝ ਖਾਸ ਇਲਾਕਿਆਂ ਵਿੱਚ ਹੀ ਹੋਇਆ। ਇਹਨਾਂ ਦੀ ਤੇ ਇਸ ਵਿੱਚ ਚਮਾਰਾਂ ਦੇ ਮੁਕਾਬਲੇ ਬੜਾ ਵੱਡਾ ਅੰਤਰ ਸੀ ਜਿਵੇਂ ਕਿ ਆਦਿ ਧਰਮ ਰਿਪੋਰਟ ਦੇ ਅੰਕੜਿਆਂ ਅਨੁਸਾਰ ਵਾਲਮੀਕੀਆਂ ਦੀ ਗਿਣਤੀ ਚਮਾਰਾਂ ਦੇ ਮੁਕਾਬਲੇ ਬਹੁਤ ਘੱਟ ਸੀ। ਬਾਲਮੀਕੀਆਂ ਵਿੱਚੋਂ ਵੱਡੀ ਗਿਣਤੀ ਵਿੱਚ ਅਨਪੜ੍ਹ ਬਾਲਮੀਕੀਆਂ ਨੇ ਹੀ ਆਪਣੇ ਆਪ ਨੂੰ ਆਦਿ ਧਰਮੀ ਵਜੋਂ ਦਰਜ ਕਰਵਾਇਆ ਸੀ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਨੌਜਵਾਨ ਬਾਲਮੀਕੀਆਂ ਦਾ ਪੜ੍ਹਿਆ-ਲਿਖਿਆ ਵਰਗ ਆਦਿ ਧਰਮ ਵੱਲ ਓਨਾ ਆਕਰਸ਼ਤ ਨਹੀਂ ਸੀ ਜਿੰਨਾ ਉਹਨਾਂ ਦੇ ਚਮਾਰ ਸਾਥੀ ਤੇ ਉਹਨਾਂ ਨੇ ਆਪਣਾ ਵੱਖਰਾ ਸੰਗਠਨ ਬਨਾਉਣਾ ਸ਼ੁਰੂ ਕਰ ਦਿੱਤਾ ਸੀ।

1931 ਦੀ ਮਰਦਮਸ਼ੁਮਾਰੀ ਨਾਲ ਆਦਿ ਧਰਮ ਨੇ ਆਪਣਾ ਖਾਸ ਮੁਕਾਮ ਬਣਾ ਲਿਆ ਸੀ। ਪੰਜਾਬ ਵਿੱਚ ਆਦਿ ਧਰਮ ਨੇ ਆਰੀਆ ਸਮਾਜ, ਸਿੰਘ ਸਭਾ ਤੇ ਵੱਖ-ਵੱਖ ਫ਼ਿਰਕੂ ਪਹਿਚਾਣ ਵਾਲੀਆਂ ਲਹਿਰਾਂ, ਰਾਸ਼ਟਰਵਾਦੀ ਤੇ ਸੁਧਾਰਕ ਲਹਿਰਾਂ ਤੇ ਆਪਣੀ ਛਾਪ ਛੱਡੀ।

ਇਸਨੇ ਇਸ ਗੱਲ ਨੂੰ ਝੂਠਾ ਸਾਬਤ ਕਰ ਦਿੱਤਾ ਕਿ ਅਛੂਤ ਆਪਣੇ ਹਿੱਤਾਂ ਲਈ ਲਾਮਬੰਦ ਨਹੀਂ ਹੋ ਸਕਦੇ। ਉਹ ਵੀ ਇਸ ਢੰਗ ਨਾਲ ਜੋ ਉਹਨਾਂ ਨੂੰ ਬਾਕੀਆਂ ਨਾਲ ਮੁਕਾਬਲੇਬਾਜ਼ੀ ਚ ਖੜ੍ਹਾ ਕਰਦਾ ਸੀ ਤੇ ਸਿਆਸੀ ਅਖਾੜੇ ਚ ਦਸਤਪੰਜਾ ਲੈਣ ਦੇ ਯੋਗ ਬਨਾਉਂਦਾ ਸੀ। ਅਜਿਹੀ ਪ੍ਰਾਪਤੀ ਲਈ ਇਹ ਢੁੱਕਵਾਂ ਸਮਾਂ ਸੀ ਤੇ ਇਹ ਪ੍ਰਾਪਤੀ ਵੀ ਵੱਡੀ ਸੀ ਤੇ ਆਦਿ ਧਰਮ ਨੂੰ ਜੋ ਵੀ ਪ੍ਰਸਿੱਧੀ ਮਿਲੀ ਉਹ ਉਹਦਾ ਵੀ ਹੱਕਦਾਰ ਸੀ। ਸਾਲ 1931 ਦੀ ਇਸ ਮਹਾਨ ਮਰਦਮਸ਼ੁਮਾਰੀ ਨੂੰ ਲਹਿਰ ਦੇ ਸ਼ਾਨਦਾਰ ਪਲਾਂ ਵਜੋਂ ਯਾਦ ਕੀਤਾ ਜਾਇਆ ਕਰੇਗਾ।

(ਰਿਲੀਜੀਅਸ ਰੈਬੇਲ ਇਨ ਦ ਪੰਜਾਬ 'ਚੋਂ)
(ਸੰਪਰਕ: ਅਨੁਵਾਦਕ- 73408-39630)

# ਸਪਤਾਹਿਕ ਰਵਿਦਾਸ ਪੱਤ੍ਰਿਕਾ ਅਤੇ ਆਦਿ-ਧਰਮ ਮੰਡਲ ਲਹਿਰ

**(ਸਫਾ 17 ਦੀ ਬਾਕੀ)**

ਦੇ ਪ੍ਰਤੀਕਰਮ ਵਿਚ 'ਰਵਿਦਾਸ ਪੱਤ੍ਰਿਕਾ' 'ਚ ਕਵਿਤਾ ਦੇ ਰੂਪ 'ਚ ਕਵੀਆਂ ਨੇ ਆਪਣੀ ਨਰਾਜ਼ਗੀ ਪ੍ਰਗਟ ਕੀਤੀ। ਪੰਜਾਬ ਵਿਚ ਅਕਾਲੀ ਰਾਜਨੀਤੀ ਅਤੇ ਜਥੇਦਾਰੀ ਰਾਜ ਬਾਰੇ ਸੰਪਾਦਕੀ ਦੇ ਰੂਪ 'ਚ ਆਪਣੇ ਵਿਚਾਰ ਪ੍ਰਗਟ ਕੀਤੇ ਜਾਂਦੇ ਰਹੇ। ਇਥੋਂ ਤੱਕ ਕਿ ਪੰਜਾਬ ਤੇ ਪੰਜਾਬ ਤੋਂ ਬਾਹਰ ਵੀ ਦਲਿਤਾਂ ਉਪਰ ਜ਼ੁਲਮ-ਤਸ਼ੱਦਦ ਦੀਆਂ ਵਾਰਦਾਤਾਂ ਬਾਰੇ ਪਾਠਕਾਂ ਨੂੰ ਜਾਗਰੁਕ ਕੀਤਾ ਜਾਂਦਾ ਰਿਹਾ। ਸ੍ਰੀ ਗੁਰੂ ਰਵਿਦਾਸ ਬਾਣੀ ਦੇ 40 ਸਲੋਕਾਂ ਦੀ ਸਰਲ ਵਿਆਖਿਆ ਤੋਂ ਬਿਨਾਂ ਇਨ੍ਹਾਂ ਸ਼ਬਦਾਂ ਦਾ ਕਾਵਿ ਰੂਪਾਂਤਰਣ ਕੀਤਾ ਜਾਂਦਾ ਰਿਹਾ। ਸ੍ਰੀ ਧਨਪਤ ਰਾਏ ਸਰੋਏ (ਯੂਕੇ) ਅਤੇ ਸ੍ਰੀ ਕਰਤਾਰ ਚੰਦ ਬੈਂਸ ਕਰਤਾਰਪੁਰੀ ਨੇ ਰਵਿਦਾਸ ਜੀਵਨ ਦਰਸ਼ਨ, ਰਾਣਾ ਕੁੰਭਾ, ਸ੍ਰੀ ਗੁਰੂ ਗੋਰਖ ਨਾਥ, ਜੰਜੂ ਦਰਬਾਰ, ਸ੍ਰੀ ਗਿਆਨ ਚੰਦ ਕੌਲ, ਨਾਗਰ ਮੱਲ ਆਦਿਕ ਨੂੰ ਕਿੱਸਾ ਕਾਵਿ 'ਪ੍ਰਸੰਗਾਂ' ਰਾਹੀਂ ਲੜੀਵਾਰ ਪੇਸ਼ ਕੀਤਾ ਜਾਂਦਾ ਰਿਹਾ।

ਇਸ ਲੰਮੇ ਸਮੇਂ 'ਚ ਕਵੀ ਰਚਨਾਕਾਰਾਂ ਤੋਂ ਬਿਨਾਂ ਵਿਆਖਿਆਕਾਰਾਂ ਪ੍ਰਬੰਧਕਾਂ ਤੇ ਸੰਪਾਦਨ ਸਹਿਯੋਗੀਆਂ ਆਦਿਕ ਵਿਚ ਸ੍ਰੀ ਚਾਨਣ ਲਾਲ ਮਾਣਕ ਸ੍ਰੀ ਰਾਮ ਧਨ ਨਾਗਲੂ ਭੋਗਪੁਰ, ਸ੍ਰੀ ਰਾਮ ਕ੍ਰਿਸ਼ਨ ਸਰੋਏ ਭੋਗਪੁਰ, ਸ੍ਰੀ ਸੁਮਨ ਧਰਮਪੁਰੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਰਵਿਦਾਸ ਪੱਤ੍ਰਕਾ ਦੇ ਮੁਢਲੇ ਹਿਤੈਸ਼ੀਆਂ ਵਿਚ ਇੰਗਲੈਂਡ ਵਿਚ ਗੁਰੂ ਰਵਿਦਾਸ ਸਭਾ, ਆਦਿ-ਧਰਮ ਬ੍ਰਦਰਹੁੱਡ ਦੇ ਸਮੂਹਿਕ ਮੈਂਬਰਾਂ ਤੋਂ ਬਿਨਾਂ ਪ੍ਰੋ. ਲਛਮਣ ਦਾਸ ਪ੍ਰਦੇਸੀ ਦੇਵ ਰਾਜ ਮਾਹੀ ਐਡਵੋਕੇਟ ਭੋਗਪੁਰ, ਸ੍ਰੀ ਅਮੀਰ ਚੰਦ, ਲਾਲਾ ਦੀਵਾਨ ਚੰਦ, ਸ੍ਰ. ਮਨਜੀਤ ਸਿੰਘ ਚੱਕੜ, ਸ੍ਰੀ ਦੇਵ ਰਾਜ ਸਾਬਕਾ ਮਿਲਟਰੀ ਅਫ਼ਸਰ, ਡਾ. ਸੋਹਣ ਲਾਲ, ਸ੍ਰ.ਹੁਕਮ ਸਿੰਘ ਕੋਮਲ ਐਮ.ਏ. (ਕਵੀ) ਅਤੇ ਪਾਖਰ ਸਿੰਘ ਨਿਮਾਣਾ (ਕਵੀ) ਦਾ ਨਾਂ ਸ਼ਾਮਲ ਹੈ।

## ਰਵਿਦਾਸ ਪੱਤ੍ਰਿਕਾ ਦੀਆਂ ਮੁਸ਼ਕਿਲਾਂ

'ਰਵਿਦਾਸ ਪੱਤ੍ਰਕਾ' ਫਰਵਰੀ 1970 ਤੋਂ ਸ੍ਰੀ ਮੰਗੂ ਰਾਮ ਜਸਪਾਲ ਦੇ ਆਖਰੀ ਸਾਹਾਂ ਤੱਕ ਪ੍ਰਕਾਸ਼ਿਤ ਹੁੰਦਾ ਰਿਹਾ। ਅਜਿਹਾ ਨਹੀਂ ਕਿ ਇਸ ਦੇ ਪ੍ਰਕਾਸ਼ਨ 'ਚ ਕੋਈ ਔਕੜ ਨਾ ਆਈ ਹੋਵੇ। 1970 ਤੋਂ ਪਿਛੋਂ ਰਾਜਨੀਤਕ ਦ੍ਰਿਸ਼ ਬਦਲਣ ਨਾਲ ਆਦਿ-ਧਰਮ ਦੀ ਪੁਨਰ ਉਸਾਰੀ ਦਾ ਮਾਮਲਾ ਗੰਭੀਰ ਬਣਦਾ ਗਿਆ। ਲੇਖਕਾਂ ਪਾਠਕਾਂ ਨੇ ਨਵੇਂ ਰਾਜਨੀਤਕ ਰੁ-ਝਾਨਾਂ ਵੱਲ ਵੇਖਣਾ ਸ਼ੁਰੂ ਕਰ ਦਿੱਤਾ। ਆਦਿ-ਧਰਮ ਬ੍ਰਦਰਹੁੱਡ ਵੀ ਹੌਲੀ ਹੌਲੀ ਪੈਰ ਖਿੱਚਣ ਵੱਲ ਹੋ ਗਏ। ਸ੍ਰੀ ਮੰਗੂ ਰਾਮ ਜਸਪਾਲ ਨੂੰ ਅਨੇਕਾਂ ਵਾਰ ਇੰਗਲੈਂਡ ਜਾਣਾ ਪਿਆ। ਇਸ ਕਾਰਨ 1970 ਤੋਂ 1980 ਤੱਕ 'ਰਵਿਦਾਸ ਪੱਤ੍ਰਕਾ' ਨੂੰ ਬਹੁਤੀ ਮੁਸ਼ਕਿਲ ਨਹੀਂ ਆਈ। 1980 ਤੋਂ ਬਾਅਦ ਮਾਰਚ 1988 ਅੱਠ ਸਾਲ ਤੱਕ ਪਰਚਾ ਬੰਦਾ ਰਿਹਾ। 5 ਅਪ੍ਰੈਲ 1988 'ਚ ਦੋਬਾਰਾ ਸ਼ੁਰੂ ਕਰਨ ਤੇ ਸ੍ਰੀ ਮੰਗੂ ਰਾਮ ਜਸਪਾਲ ਨੇ ਸੰਪਾਦਕੀ 'ਚ 17 ਫਰਵਰੀ 970 ਤੋਂ ਰਵਿਦਾਸ ਪੱਤ੍ਰਕਾ ਦੀ ਭੂਮਿਕਾ ਅਤੇ ਕੰਮਾਂ ਬਾਰੇ ਜਾਣਕਾਰੀ ਦਿੰਦਿਆਂ 24.10.20 ਦੀ ਰਾਤ ਨੂੰ ਰਵਿਦਾਸ ਪੱਤ੍ਰਕਾ ਦੇ ਦਫ਼ਤਰ 'ਚ ਚੋਰੀ ਦਾ ਜ਼ਿਕਰ ਕੀਤਾ ਹੈ। ਜਿਸ ਵਿਚ ਭੰਨ ਤੋੜ ਤੋਂ ਬਿਨਾਂ 'ਟਾਈਪ, ਸਿੱਕਾ ਚੋਰੀ' ਬਾਰੇ ਪਾਠਕਾਂ ਨਾਲ ਜਾਣਕਾਰੀ ਸਾਂਝੀ ਕੀਤੀ ਹੈ। ਇਸੇ ਤਰ੍ਹਾਂ 1.10.90 ਤੋਂ ਵੀ ਪਰਚਾ 17.12.96 ਤੱਦ ਬੰਦ ਰਿਹਾ। ਜਿਸ ਦਾ ਜ਼ਿਕਰ ਸ੍ਰੀ ਮੰਗੂ ਰਾਮ ਜਸਪਾਲ ਨੇ 25.9.90 ਦੇ ਅੰਕ ਵਿਚ ਕਰ ਦਿੱਤਾ ਸੀ। ਉਨ੍ਹਾਂ ਨੇ 'ਕਾਰਨ ਇੰਗਲੈਂਡ ਵਿਚ ਰੁਕਣ ਦੀ ਮਜ਼ਬੂਰੀ' ਦੱਸਿਆ ਸੀ। 17.12.96 ਨੂੰ ਪਰਚਾ ਮੁੜ ਚਾਲੂ ਕਰ ਦਿੱਤਾ ਗਿਆ।

(ਇਸ ਮੁਸ਼ਕਿਲ ਭਰੇ ਸਮੇਂ 'ਚ 'ਰਵਿਦਾਸ ਪੱਤ੍ਰਿਕਾ' ਦੇ ਬੰਦ ਹੋਣ ਬਾਰੇ ਜੇਕਰ ਕਿਸੇ ਹਿਤੈਸ਼ੀ ਕੋਲ ਕੋਈ ਜਾਣਕਾਰੀ ਹੋਵੇ ਤਾਂ ਉਸ ਦਾ ਸਵਾਗਤ ਹੈ)

'ਰਵਿਦਾਸ ਪੱਤ੍ਰਿਕਾ' 17.12.1996 ਨੂੰ ਮੁੜ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਸ ਤੋਂ 1996 ਦੀ ਲਗਾਤਾਰਤਾ ਵਿਚ ਇਹ ਪਰਚਾ ਲਗਭਗ 2000 ਤੱਕ ਚਲਦਾ ਰਿਹਾ। ਪ੍ਰੰਤੂ ਇਕ ਜਨਵਰੀ 2008 ਦੇ 'ਰਵਿਦਾਸ ਪੱਤ੍ਰਕਾ' ਪੰਨਾ 2 ਉਪਰ 'ਜ਼ਿੰਦਗੀ ਦੇ ਕਿਸ ਮੋੜ 'ਤੇ' ਸ੍ਰੀ ਮੰਗੂ ਰਾਮ ਜਸਪਾਲ ਨੇ 'ਪੱਤ੍ਰਕਾ' ਦੇ ਮੁਢਲੇ ਇਤਿਹਾਸ ਬਾਰੇ, ਇਸ ਦੇ ਕੀਤੇ ਕੰਮਾਂ ਬਾਰੇ ਕੌਮ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪਿਛਲੇ ਦੋ ਦਹਾਕਿਆਂ ਦੇ ਸਫ਼ਰ ਉਪਰੰਤ 'ਕੁਝ ਈਰਖਾਵਾਦੀ, ਕੌਮਘਾਤੀ, ਦੋਖੀ ਅਨਸਰਾਂ ਦੀਆਂ ਕੋਝੀਆਂ ਹਰਕਤਾਂ ਕਾਰਨ ਰਵਿਦਾਸ ਪੱਤ੍ਰਕਾ ਬੰਦ ਕਰਨਾ ਪਿਆ। ਹੁਣ ਫਿਰ ਦੋਬਾਰਾ ਹੰਭਲਾ ਮਾਰਿਆਂ ਤੋਂ 01.0.1.2008 ਤੋਂ 'ਰਵਿਦਾਸ ਪੱਤ੍ਰਕਾ' ਮੁੜ ਜਨਤਾ ਦੀ ਸੇਵਾ ਵਿਚ ਹਾਜ਼ਰ ਹੋਇਆ ਹੈ।

ਇਸ ਤੋਂ ਪਹਿਲਾਂ 1.10.90 ਤੋਂ ਪਰਚਾ ਬੰਦ ਹੋਣ ਤੋਂ ਪਹਿਲਾਂ ਆਰਥਿਕ ਸੰਕਟ 'ਚੋਂ ਗੁਜ਼ਰ ਰਿਹਾ ਸੀ, ਜਿਸ ਕਾਰਨ 17.12.96 ਤੱਕ ਬੰਦ ਰਿਹਾ। ਸੰਕਟ ਦਾ ਮੂਲ ਕਾਰਨ ਸੀ ਪਾਠਕਾਂ ਦਾ ਘੱਟ ਹੋਣਾ, ਪਰਚੇ ਦੀ ਮੈਂਬਰਸ਼ਿਪ ਨੂੰ ਨਵਿਆਉਣਾ ਅਤੇ ਨਵੇਂ ਪਾਠਕਾਂ ਦਾ ਪਰਚੇ ਨਾਲ ਨਾ ਜੁੜਨਾ। ਇਸ ਪ੍ਰਸੰਗ ਵਿਚ ਬੰਦ ਹੋਣ ਤੋਂ ਪਹਿਲਾਂ 'ਰਵਿਦਾਸ ਪੱਤ੍ਰਕਾ' ਬਾਰੇ ਰਾਮ ਕਿਸ਼ਨ ਸਰਪੰਚ ਦੇ ਲੇਖ ਲਗਾਤਾਰ 20 ਫਰਵਰੀ 1990, ਸ੍ਰੀ ਮੰਗੂ ਰਾਮ ਜਸਪਾਲ ਦਾ ਸ੍ਰੀ ਰਾਮ ਕਿਸ਼ਨ ਸਰਪੰਚ ਦੇ ਨਾਂ ਪੱਤਰ ਮਿਤੀ 6.3.90 ਅਤੇ ਮੁੜ 'ਰਵਿਦਾਸ ਪੱਤ੍ਰਕਾ' ਘੋਰ ਸੰਕਟ ਵਿਚ' ਮਿਤੀ 3.4.90 ਸ੍ਰੀ ਰਾਮ ਕਿਸ਼ਨ ਸਰਪੰਚ ਦੇ ਲੇਖਨੁਮਾ ਪੱਤਰ ਛਪਦੇ ਰਹੇ ਜਿਸ ਵਿਚ ਪੱਤ੍ਰਕਾ ਲਈ ਪਾਠਕਾਂ ਵਲੋਂ ਬੇਰੁਖੀ ਕਾਰਨ ਚੰਦਾ ਨਾ ਦੇਣ ਬਾਰੇ ਜਾਣਕਾਰੀ ਦਿੱਤੀ ਗਈ। ਇਨ੍ਹਾਂ ਸੰਕਟਾਂ ਦੇ ਬਾਵਜੂਦ ਵੀ ਪਰਚਾ ਚਲਦਾ ਰਿਹਾ।

## ਇਤਿਹਾਸਕ ਰੋਲ

ਇਸ ਪ੍ਰਕਾਰ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਅਦਾਰਾ 'ਰਵਿਦਾਸ ਪੱਤ੍ਰਕਾ' ਦਾ ਇਕ ਵਿਸ਼ੇਸ਼ ਮੁਕਾਮ ਹੈ। ਜਿਸ ਨੇ ਵੀਹਵੀਂ ਸਦੀ ਦੇ 7ਵੇਂ ਦਹਾਕੇ ਤੋਂ 21ਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਨਿਗਰ ਯੋਗਦਾਨ ਪਾਇਆ ਹੈ। ਅਨੇਕਾਂ ਹੀ ਸਾਹਿਤਕਾਰਾਂ ਨੂੰ ਉਭਾਰਨ 'ਚ ਅਹਿਮ ਰੋਲ ਅਦਾ ਕੀਤਾ। ਇਸ ਦੇ ਕਾਰਨ ਹੀ ਆਦਿ-ਧਰਮ ਮੰਡਲ ਦੀ ਆਭਾ ਅੱਜ ਤੱਕ ਕਾਇਮ ਹੈ। 'ਰਵਿਦਾਸ ਪੱਤ੍ਰਿਕਾ' ਕਿਸੇ ਇਕ ਪਾਰਟੀ ਦਾ ਬੁਲਾਰਾ ਨਹੀਂ ਰਿਹਾ। ਸਗੋਂ ਇਹ ਰੱਬੀ ਧਰਮ ਅਤੇ ਇਨਸਾਨੀਅਤ ਦਾ ਹਾਮੀ ਰਿਹਾ ਹੈ ਤੇ ਆਦਿ ਗੁਰੂਆਂ ਦੀ ਵਿਚਾਰਧਾਰਾ ਦਾ ਸਮਰਥਕ। ਸਿੱਖ ਗੁਰੂਆਂ, ਭਗਤਾਂ ਅਤੇ ਯੋਧਿਆਂ ਦੇ ਜੀਵਨ ਨੂੰ ਕਾਵਿ ਦੇ ਮਾਧਿਅਮ ਰਾਹੀਂ ਜਨ-ਜਨ ਤੱਕ ਪਹੁੰਚਾਉਣ ਵਾਲਾ ਪੰਜਾਬੀ ਦਾ ਇਹ ਪਹਿਲਾ ਪੇਪਰ ਹੈ। ਪੰਜਾਬ ਵਿਚ ਬਦਲਦੇ ਰਾਜਨੀਤਕ ਦ੍ਰਿਸ਼ਾਂ ਵਿਚ ਅਛੂਤ ਸਮਾਜ ਦੀ ਨੁੰਮਾਇਦਗੀ ਅਤੇ ਹਿੱਸੇਦਾਰੀ ਦੇ ਸਵਾਲ ਨੂੰ ਫੈਲਾਉਣ ਲਈ 'ਰਵਿਦਾਸ ਪੱਤ੍ਰਕਾ' ਦਾ ਅਹਿਮ ਯੋਗਦਾਨ ਰਹੇਗਾ।

# ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਸਬੰਧੀ ਵਿਸ਼ੇਸ਼

ਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਜਾਂ ਵਿਸ਼ਵ ਨਸ਼ਾ ਦਿਵਸ ਹਰ ਸਾਲ 26 ਜੂਨ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਤੋਂ ਮੁੱਕਤ ਦੁਨੀਆ ਪ੍ਰਾਪਤ ਕਰਨ ਵਿੱਚ ਕਾਰਵਾਈ ਅਤੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਮਨਾਇਆ ਜਾਂਦਾ ਹੈ। ਹਰ ਸਾਲ ਵਿਸ਼ਵ ਭਰ ਦੀਆਂ ਵੱਖ-ਵੱਖ ਸੰਗਠਨ ਇਸਨੂੰ ਮਨਾਉਣ ਲਈ ਸ਼ਾਮਲ ਹੁੰਦੇ ਹਨ ਤਾਂ ਜੋ ਸਮਾਜ ਨੂੰ ਗੈਰ-ਕਾਨੂੰਨੀ ਨਸ਼ਿਆਂ ਦੀ ਸਮੱਸਿਆ ਬਾਰੇ ਜਾਗਰੂਕਤਾ ਪੈਦਾ ਕਰਨ ਵਿੱਚ ਮੱਦਦ ਕੀਤੀ ਜਾ ਸਕੇ। ਜੇਕਰ ਇਸ ਦਿਵਸ ਦਾ ਇਤਿਹਾਸ ਵੇਖੀਏ ਤਾਂ ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਸੰਗਠਨ ਵਲੋਂ 7 ਦਸੰਬਰ 1987 ਨੂੰ ਮੀਟਿੰਗ ਕੀਤੀ ਗਈ ਅਤੇ ਹਰ ਸਾਲ 26 ਜੂਨ ਦਾ ਦਿਹਾੜਾ ਵਿਸ਼ਵ ਭਰ ਵਿੱਚ ਨਸ਼ਾਖੋਰੀ ਅਤੇ ਨਸ਼ਿਆਂ ਦੀ ਨਜਾਇਜ਼ ਸਮਗਲਿੰਗ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੇ ਤੌਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਹਰ ਸਾਲ ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਗੈਰ ਕਨੂੰਨੀ ਨਸ਼ਿਆਂ ਦੀ ਵੱਧ ਰਹੀ ਵਰਤੋਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਨਸ਼ਿਆਂ ਦੀ ਸਮੱਸਿਆ ਬਹੁਤ ਹੀ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ। ਦੁਨੀਆਂ ਦਾ ਹਰ ਦੇਸ਼ ਨਸ਼ਿਆਂ ਤੋਂ ਪ੍ਰਭਾਵਿਤ ਹੈ ਅਤੇ ਨਜਾਇਜ਼ ਨਸ਼ਿਆਂ ਦੀ ਵਰਤੋਂ ਜੋ ਕਿ ਪ੍ਰਮੁੱਖ ਤੌਰ ਤੇ ਨੌਜਵਾਨਾਂ ਵਿੱਚ ਕੇਂਦਰਿਤ ਹੈ ਵਿਕਸਿਤ ਅਤੇ ਵਿਕਾਸਸ਼ੀਲ ਦੋਵਾਂ ਤਰਾਂ ਦੇ ਮੁਲਕਾਂ ਦੀ ਆਰਥਿਕਤਾ ਲਈ ਸਮੱਸਿਆ ਬਣ ਗਈ ਹੈ। ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰਜ਼ ਦਾ ਗੈਰ ਕਨੂੰਨੀ ਨਸ਼ਿਆਂ ਦਾ ਵਪਾਰ ਹੁੰਦਾ ਹੈ ਜੋਕਿ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਦ ਤੀਜੇ ਨੰਬਰ ਤੇ ਆਂਦਾ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ 292 ਮਿਲੀਅਨ ਹੋ ਗਈ ਹੈ ਜੋ ਕਿ 10 ਸਾਲਾਂ ਵਿੱਚ 20 ਪ੍ਰਤੀਸ਼ਤ ਵਾਧਾ ਹੈ। ਕੈਨਾਬਿਸ ਦੁਨੀਆ ਭਰ ਵਿੱਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਨਸ਼ੀਲਾ ਪਦਾਰਥ ਹੈ। ਦੁਨੀਆ ਵਿੱਚ ਅੰਦਾਜ਼ਨ 64 ਮਿਲੀਅਨ ਲੋਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਨੁਕਸਾਨਾਂ ਤੋਂ ਪੀੜ੍ਹਿਤ ਹਨ ਪਰ 11 ਵਿੱਚੋਂ ਸਿਰਫ਼ 01 ਹੀ ਇਲਾਜ ਅਧੀਨ ਹੈ। ਔਰਤਾਂ ਨੂੰ ਮਰਦਾਂ ਨਾਲੋਂ ਇਲਾਜ ਤੱਕ ਘੱਟ ਪਹੁੰਚ ਮਿਲਦੀ ਹੈ 07 ਵਿੱਚੋਂ 01 ਪੁਰਸ਼ ਦੇ ਮੁਕਾਬਲੇ ਇਲਾਜ ਅਧੀਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਨੁਕਸਾਨਾਂ ਵਾਲੀਆਂ 18 ਵਿੱਚੋਂ ਸਿਰਫ਼ 01 ਔਰਤ ਹੀ ਹੈ। ਇੱਕ ਸਾਲ ਵਿੱਚ ਅੰਦਾਜ਼ਨ 7 ਮਿਲੀਅਨ ਲੋਕ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਪੁਲਿਸ ਦੇ ਰਸਮੀ ਸੰਪਰਕ ਵਿੱਚ ਸਨ ਜਿਸ ਵਿੱਚੋਂ ਲਗਭਗ ਦੋ-ਤਿਹਾਈ ਨਸ਼ੀਲੇ ਪਦਾਰਥਾਂ ਦੀ ਵਰਤੋਂ ਲਈ ਕਬਜ਼ੇ ਕਾਰਨ ਸਨ। ਇਸ ਤੋਂ ਇਲਾਵਾ 2.7 ਮਿਲੀਅਨ ਲੋਕਾਂ ਤੇ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਮੁਕੱਦਮਾ ਚਲਾਇਆ ਗਿਆ ਅਤੇ 1.6 ਮਿਲੀਅਨ ਤੋਂ ਵੱਧ ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ ਹਾਲਾਂਕਿ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਪ੍ਰਤੀ ਅਪਰਾਧਿਕ ਨਿਆਂ ਪ੍ਰਤੀਕਿਰਿਆ ਦੇ ਸੰਬੰਧ ਵਿੱਚ ਖੇਤਰਾਂ ਵਿੱਚ ਮਹੱਤਵਪੂਰਨ ਅੰਤਰ ਹਨ। ਕੋਕੀਨ ਦੀ ਸਪਲਾਈ ਅਤੇ ਮੰਗ ਵਿੱਚ ਵਾਧਾ ਸਪਲਾਈ ਲੜੀ ਦੇ ਨਾਲ-ਨਾਲ ਰਾਜਾਂ ਵਿੱਚ ਹਿੰਸਾ ਵਿੱਚ ਵਾਧੇ ਦੇ ਨਾਲ ਮੇਲ ਖਾਂਦਾ ਹੈ। ਜਨਵਰੀ 2024 ਤੱਕ ਕੈਨੇਡਾ, ਸੰਯੁਕਤ ਰਾਜ ਅਮਰੀਕਾ ਆਦਿ ਦੇ 27 ਅਧਿਕਾਰ ਖੇਤਰਾਂ ਨੇ ਗੈਰ-ਡਾਕਟਰੀ ਵਰਤੋਂ ਲਈ ਭੰਗ ਦੇ ਉਤਪਾਦਨ ਅਤੇ ਵਿਕਰੀ ਨੂੰ ਕਾਨੂੰਨੀ ਮਾਨਤਾ ਦਿੱਤੀ ਸੀ ਜਦੋਂ ਕਿ ਹੋਰ ਥਾਵਾਂ ਤੇ ਵੀ ਕਈ ਤਰ੍ਹਾਂ ਦੇ ਕਨੂੰਨਨ ਪਹੁੰਚ ਉਭਰ ਕੇ ਸਾਹਮਣੇ ਆਈ ਹੈ। ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਭੰਗ ਦੀ ਵਰਤੋਂ ਸੰਬੰਧੀ ਵਿਕਾਰਾਂ ਨਾਲ ਸਬੰਧਤ ਹਸਪਤਾਲਾਂ ਵਿੱਚ ਭਰਤੀ ਹੋਣਾ ਅਤੇ ਮਾਨਸਿਕ ਵਿਕਾਰਾਂ ਵਾਲੇ ਲੋਕਾਂ ਅਤੇ ਨਿਯਮਤ ਭੰਗ ਦੀ ਵਰਤੋਂ ਨਾਲ ਜੁੜੇ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲਿਆਂ ਖਾਸ ਕਰਕੇ ਨੌਜਵਾਨ ਬਾਲਗਾਂ ਵਿੱਚ ਵਾਧਾ ਹੋਇਆ ਹੈ। ਨਸ਼ੇ ਦੀ ਸਮੱਸਿਆ ਇੱਕ ਗੁੰਝਲਦਾਰ ਮੁੱਦਾ ਹੈ ਜੋ ਦੁਨੀਆ ਵਿੱਚ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਬਹੁਤ ਸਾਰੇ ਲੋਕ ਜੋ ਨਸ਼ਿਆਂ ਦੀ ਵਰਤੋਂ ਕਰਦੇ ਹਨ ਉਨ੍ਹਾਂ ਨੂੰ ਕਲੰਕ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਉਨ੍ਹਾਂ ਨੂੰ ਲੋੜੀਂਦੀ ਮੱਦਦ ਤੱਕ ਪਹੁੰਚਣ ਤੋਂ ਰੋਕ ਸਕਦਾ ਹੈ। ਸੰਯੁਕਤ ਰਾਸ਼ਟਰ ਦੇ ਡਰੱਗਜ਼ ਅਤੇ ਅਪਰਾਧ ਦਫ਼ਤਰ (ਯੂਐਨਓਡੀਸੀ) ਮਨੁੱਖੀ ਅਧਿਕਾਰਾਂ, ਹਮਦਰਦੀ ਅਤੇ ਸਬੂਤ-ਅਧਾਰਿਤ ਅਭਿਆਸਾਂ ਤੇ ਕੇਂਦ੍ਰਿਤ ਡਰੱਗ ਨੀਤੀਆਂ ਪ੍ਰਤੀ ਲੋਕ-ਕੇਂਦ੍ਰਿਤ ਪਹੁੰਚ ਅਪਣਾਉਣ ਦੀ ਮਹੱਤਤਾ ਨੂੰ ਮਾਨਤਾ ਦਿੰਦਾ ਹੈ। ਵਿਗਿਆਨਕ ਇਲਾਜ ਸੰਬੰਧੀ ਸਬੂਤਾਂ ਅਤੇ ਮਨੋਵਿਗਿਆਨਕਾਂ ਦੀ ਡਾਕਟਰੀ ਵਰਤੋਂ ਲਈ ਦਿਸ਼ਾ-ਨਿਰਦੇਸ਼ਾਂ ਦੇ ਵਿਕਾਸ ਨੂੰ ਪਛਾਣਨ ਦੀ ਸਮਰੱਥਾ ਹੈ ਸੰਭਾਵੀ ਤੌਰ ਤੇ ਜਨਤਕ ਸਿਹਤ ਟੀਚਿਆਂ ਨਾਲ ਸਮਝੌਤਾ ਕਰ ਸਕਦੀ ਹੈ ਅਤੇ ਮਨੋਵਿਗਿਆਨਕਾਂ ਦੀ ਨਿਗਰਾਨੀ ਰਹਿਤ ਵਰਤੋਂ ਨਾਲ ਜੁੜੇ ਸਿਹਤ ਜੋਖਮਾਂ ਨੂੰ ਵਧਾ ਸਕਦੀ ਹੈ। ਸੰਯੁਕਤ ਰਾਜ ਵਿੱਚ 40 ਪ੍ਰਤੀਸ਼ਤ ਅਤੇ ਯੂਰਪ ਵਿੱਚ ਭੰਗ ਨੂੰ ਹਾਨੀਕਾਰਕ ਮੰਨਣ ਵਾਲੇ ਕਿਸ਼ੋਰਾਂ ਦੀ ਗਿਣਤੀ 25 ਪ੍ਰਤੀਸ਼ਤ ਤੱਕ ਘਟੀ ਹੈ ਇਸਤੋਂ ਇਲਾਵਾ ਬਹੁਤੇ ਦੇਸ਼ਾਂ ਨੇ ਭੰਗ ਦੀ ਵਰਤੋਂ ਵਿੱਚ ਵਾਧਾ ਦਰਜ ਕੀਤਾ ਹੈ। ਮੌਜੂਦਾ ਅਨੁਮਾਨ ਸਾਲ 2030 ਤੱਕ ਵਿਸ਼ਵ ਪੱਧਰ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ 11 ਪ੍ਰਤੀਸ਼ਤ ਦੇ ਵਾਧੇ ਵੱਲ ਇਸ਼ਾਰਾ ਕਰਦੇ ਹਨ। ਇਸ ਅਨੁਮਾਨ ਅਨੁਸਾਰ 15 ਤੋਂ 64 ਸਾਲ ਦੀ ਉਮਰ ਦੇ ਲਗਭਗ 5.5 ਪ੍ਰਤੀਸ਼ਤ ਆਬਾਦੀ ਨੇ ਪਿਛਲੇ ਸਾਲ ਘੱਟੋ-ਘੱਟ ਇੱਕ ਵਾਰ ਨਸ਼ਿਆਂ ਦੀ ਵਰਤੋਂ ਕੀਤੀ ਹੈ ਜਦੋਂ ਕਿ 36.3 ਮਿਲੀਅਨ ਲੋਕ ਜਾਂ ਨਸ਼ੇ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ ਦਾ 13 ਪ੍ਰਤੀਸ਼ਤ ਨਸ਼ੇ ਤੋਂ ਪੀੜ੍ਹਿਤ ਹਨ। ਵਿਸ਼ਵ ਪੱਧਰ ਤੇ 11 ਮਿਲੀਅਨ ਤੋਂ ਵੱਧ ਲੋਕਾਂ ਦੁਆਰਾ ਨਸ਼ੀਲੇ ਟੀਕੇ ਲਗਾਉਣ ਦਾ ਅਨੁਮਾਨ ਹੈ ਜਿਨ੍ਹਾਂ ਵਿੱਚੋਂ ਅੱਧੇ ਹੈਪੇਟਾਈਟਸ ਸੀ ਨਾਲ ਜੀਅ ਰਹੇ ਹਨ। ਇੱਕ ਰਿਪੋਰਟ ਅਨੁਸਾਰ ਦੁਨੀਆ ਵਿੱਚ 15-64 ਸਾਲ ਦੀ ਉਮਰ ਦੇ ਲੱਗਭੱਗ 284 ਮਿਲੀਅਨ ਲੋਕਾਂ ਨੇ ਨਸ਼ਿਆਂ ਦੀ ਵਰਤੋਂ ਕੀਤੀ ਜੋ ਪਿਛਲੇ ਦਹਾਕੇ ਨਾਲੋਂ 26 ਪ੍ਰਤੀਸ਼ਤ ਵੱਧ ਹੈ। ਇਸ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਲੱਗਭੱਗ 11.2 ਮਿਲੀਅਨ ਲੋਕ ਨਸ਼ੇ ਦੇ ਟੀਕੇ ਲਗਾ ਰਹੇ ਸਨ ਅਤੇ ਲੱਗਭੱਗ ਅੱਧੇ ਲੋਕ ਹੈਪੇਟਾਈਟਸ ਸੀ ਤੋਂ ਪੀੜ੍ਹਿਤ ਹਨ, 1.4 ਮਿਲੀਅਨ ਐੱਚਆਈਵੀ ਨਾਲ ਜੀਅ ਰਹੇ ਹਨ ਅਤੇ 1.2 ਮਿਲੀਅਨ ਦੋਵਾਂ ਰੋਗਾਂ ਨਾਲ ਜੀਅ ਰਹੇ ਹਨ। ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਨਿਰਮਾਣ ਅਤੇ ਜ਼ਬਤ ਕੀਤੇ ਜਾਣ ਦੀ ਸੰਖਿਆ ਵੱਧ ਰਹੀ ਹੈ। ਨਸ਼ਿਆਂ ਦੀ ਸਮੱਸਿਆ ਇੱਕ ਗੁੰਝਲਦਾਰ ਮੁੱਦਾ ਹੈ ਜੋ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰਦੀ ਹੈ। ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਜਾਂ ਵਿਸ਼ਵ ਨਸ਼ਾ ਦਿਵਸ ਦੀ ਇਸ ਸਾਲ ਮੁਹਿੰਮ ਦਾ ਉਦੇਸ਼ ਉਨ੍ਹਾਂ ਲੋਕਾਂ ਨਾਲ ਸਤਿਕਾਰ ਅਤੇ ਹਮਦਰਦੀ ਨਾਲ ਪੇਸ਼ ਆਉਣ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ ਜੋ ਨਸ਼ੇ ਦੀ ਵਰਤੋਂ ਕਰਦੇ ਹਨ। ਇਹ ਮੁਹਿੰਮ ਇਸ ਸਾਲ 26 ਜੂਨ ਨੂੰ ਮਨਾਏ ਜਾਣ ਵਾਲੇ ਅੰਤਰ-ਰਾਸ਼ਟਰੀ ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਦਿਵਸ ਦਾ ਹੀ ਹਿੱਸਾ ਹੈ ਜੋ ਕਿ "ਨਸ਼ੇ ਦੀ ਲਤ ਦੀ ਰੋਕਥਾਮ ਅਤੇ ਇਲਾਜ ਹਰ ਕਿਸੇ ਦੀ ਜ਼ਿੰਮੇਵਾਰੀ ਹੈ" ਥੀਮ ਤਹਿਤ ਮਨਾਇਆ ਜਾਵੇਗਾ। ਇਸ ਵਿੱਚ ਸਾਰਿਆਂ ਲਈ ਸਬੂਤ-ਅਧਾਰਿਤ, ਸਵੈ-ਇੱਛਤ ਸੇਵਾਵਾਂ ਪ੍ਰਦਾਨ ਕਰਨਾ, ਸਜ਼ਾ ਦੇ ਵਿਕਲਪ ਪੇਸ਼ ਕਰਨਾ, ਰੋਕਥਾਮ ਨੂੰ ਤਰਜੀਹ ਦੇਣਾ ਅਤੇ ਹਮਦਰਦੀ ਨਾਲ ਅਗਵਾਈ ਕਰਨਾ ਸ਼ਾਮਲ ਹਨ। ਇਸ ਮੁਹਿੰਮ ਦਾ ਉਦੇਸ਼ ਸਤਿਕਾਰਯੋਗ ਅਤੇ ਨਿਰਣਾਇਕ ਭਾਸ਼ਾ ਅਤੇ ਰਵੱਈਏ ਨੂੰ ਉਤਸ਼ਾਹਿਤ ਕਰਕੇ ਉਨ੍ਹਾਂ ਲੋਕਾਂ ਜੋ ਨਸ਼ਿਆਂ ਦੀ ਵਰਤੋਂ ਕਰਦੇ ਹਨ ਵਿਰੁੱਧ ਕਲੰਕ ਅਤੇ ਵਿਤਕਰੇ ਦਾ ਮੁਕਾਬਲਾ ਕਰਨਾ ਹੈ। ਸਿਹਤ ਦਾ ਅਧਿਕਾਰ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਮਨੁੱਖੀ ਅਧਿਕਾਰ ਹੈ ਜੋ ਸਾਰੇ ਮਨੁੱਖਾਂ ਦਾ ਹੈ ਭਾਵੇਂ ਕਿਸੇ ਵਿਅਕਤੀ ਦੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਸਥਿਤੀ ਹੋਵੇ ਜਾਂ ਕੋਈ ਵਿਅਕਤੀ ਕੈਦ, ਨਜ਼ਰਬੰਦ ਜਾਂ ਕੈਦ ਵਿੱਚ ਹੋਵੇ। ਇਹ ਉਹਨਾਂ ਲੋਕਾਂ, ਉਨ੍ਹਾਂ ਦੇ ਬੱਚਿਆਂ ਅਤੇ ਪਰਿਵਾਰਾਂ ਅਤੇ ਉਨ੍ਹਾਂ ਦੇ ਭਾਈਚਾਰਿਆਂ ਦੇ ਹੋਰ ਲੋਕਾਂ ਤੇ ਬਰਾਬਰ ਲਾਗੂ ਹੁੰਦਾ ਹੈ ਜੋ ਨਸ਼ੇ ਦੀ ਵਰਤੋਂ ਕਰਦੇ ਹਨ।ਸੰਯੁਕਤ ਰਾਸ਼ਟਰ ਦੇ ਡਰੱਗਜ਼ ਅਤੇ ਅਪਰਾਧ ਦਫ਼ਤਰ ਅਤੇ ਭਾਰਤ ਦੇ ਸਮਾਜਿਕ ਨਿਆਂ ਮੰਤਰਾਲੇ ਦੁਆਰਾ ਸਾਂਝੇ ਤੌਰ ਤੇ ਪ੍ਰਕਾਸ਼ਿਤ ਇੱਕ ਨਵੀਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲੱਖਾਂ ਭਾਰਤੀ ਸ਼ਰਾਬ, ਭੰਗ ਅਤੇ ਅਫੀਮ ਤੇ ਨਿਰਭਰ ਹਨ ਅਤੇ ਭਾਰਤੀ ਸਮਾਜ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਇੱਕ ਵਿਆਪਕ ਵਰਤਾਰਾ ਹੈ। ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ। ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ਿਆਂ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ। ਨਸ਼ਿਆਂ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਸਰਕਾਰ ਵਲੋਂ ਮੰਨਜ਼ੂਰ ਸ਼ੁਦਾ ਨਸ਼ੇ ਜਿਨ੍ਹਾਂ ਤੇ ਕੋਈ ਰੋਕ ਨਹੀਂ ਹੈ ਅਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ੇ। ਆਮ ਤੌਰ ਤੇ ਪਾਬੰਦੀਸ਼ੁਦਾ ਨਸ਼ਿਆਂ ਨੂੰ ਹੀ ਨਸ਼ੇ ਸਮਝਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕੁੱਝ ਸੂਬਿਆਂ ਵਿੱਚ ਪਾਬੰਦੀਸ਼ੁਦਾ ਅਤੇ ਗੈਰ ਕਨੂੰਨੀ ਨਸ਼ੇ ਦੂਜੇ ਰਾਜਾਂ ਵਿੱਚ ਮੰਨਜ਼ੂਰਸ਼ੁਦਾ ਹਨ ਜਿਵੇਂ ਕਿ ਗੁਜਰਾਤ ਸਮੇਤ ਕੁੱਝ ਰਾਜਾਂ ਵਿੱਚ ਬੇਸ਼ੱਕ ਸ਼ਰਾਬ ਤੇ ਪਾਬੰਦੀ ਹੈ ਪਰ ਦੂਜੇ ਕਈ ਰਾਜਾਂ ਦੀ ਆਮਦਨ ਦਾ ਵੱਡਾ ਸਾਧਨ ਹੀ ਸ਼ਰਾਬ ਦੀ ਵਿਕਰੀ ਬਣਿਆ ਹੋਇਆ ਹੈ। ਇਸੇ ਤਰਾਂ ਕਈ ਰਾਜਾਂ ਵਿੱਚ ਅਫੀਮ ਤੇ ਪਾਬੰਦੀ ਹੈ ਪਰ ਕਈ ਦੂਜੇ ਰਾਜਾਂ ਵਿੱਚ ਇਸਦੀ ਖੇਤੀ ਅਤੇ ਵਿਕਰੀ ਹੁੰਦੀ ਹੈ। ਭੰਗ, ਅਫੀਮ, ਸ਼ਰਾਬ, ਡੋਡੇ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਅੱਜ ਕੱਲ ਨਸ਼ਿਆਂ ਦੇ ਕਈ ਆਧੁਨਿਕ ਨਵੇਂ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਕਿ ਬਰਾਊਨ ਸ਼ੂਗਰ, ਕੱਚੀ ਅਫੀਮ, ਚਰਸ, ਮਾਰਫੀਨ ਦੇ ਟੀਕੇ, ਕੈਪਸੂਲ, ਗੋਲੀਆਂ, ਸਮੈਕ, ਹੈਰੋਇਨ ਆਦਿ। ਕਈ ਨਸ਼ੇੜੀ ਖਾਂਸੀ ਦੀ ਦਵਾਈ, ਆਇਓਡੈਕਸ ਆਦਿ ਦਾ ਵੀ ਨਸ਼ਾ ਕਰਦੇ ਹਨ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਆਲ ਇੰਡੀਆ ਇੰ-ਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਨਵੀਂ ਦਿੱਲੀ ਦੇ ਨੈਸ਼ਨਲ ਡਰੱਗ ਡਿਪੈਂਡੈਂਸ ਟਰੀਟਮੈਂਟਸੈਂਟਰਰਾਹੀਂਭਾਰਤਵਿੱ-ਚਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਹੱਦ ਅਤੇ ਪੈਟਰਨ ਬਾਰੇ ਪਹਿਲੇ ਰਾਸ਼ਟਰੀ ਸਰਵੇਖਣ ਦੀ ਰਿਪੋਰਟ ਅਨੁਸਾਰ ਸ਼ਰਾਬ ਸਭ ਤੋਂ ਆਮ ਮਨੋਵਿਗਿਆਨਕ ਪਦਾਰਥ ਹੈ ਜਿਸਦੀ ਵਰਤੋਂ ਭਾਰਤੀਆਂ ਦੁਆਰਾ ਕੀਤੀ ਜਾਂਦੀ ਹੈ। ਰਿਪੋਰਟ ਅਨੁਸਾਰ ਦੇਸ਼ ਵਿੱਚ ਲਗਭਗ 16 ਕਰੋੜ ਵਿਅਕਤੀ ਸ਼ਰਾਬ ਦਾ ਸੇਵਨ ਕਰਦੇ ਹਨ, 3.1 ਕਰੋੜ ਵਿਅਕਤੀ ਭੰਗ ਦੇ ਉਤਪਾਦਾਂ ਅਤੇ 2.26 ਕਰੋੜ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ। ਲੱਗਭੱਗ 5.7 ਕਰੋੜ ਤੋਂ ਵੱਧ ਲੋਕ ਹਾਨੀਕਾਰਕ ਨਸ਼ਿਆਂ ਦੀ ਵਰਤੋਂ ਤੋਂ ਪ੍ਰਭਾਵਿਤ ਹਨ ਅਤੇ ਉਹਨਾਂ ਨੂੰ ਸ਼ਰਾਬ ਦੀ ਵਰਤੋਂ ਦੀਆਂ ਸਮੱਸਿਆਵਾਂ ਲਈ ਮਦਦ ਦੀ ਲੋੜ ਹੈ, ਲੱਗਭੱਗ 25 ਲੱਖ ਭੰਗ ਤੇ ਨਿਰਭਰਤਾ ਤੋਂ ਪੀੜਤ ਹਨ ਅਤੇ ਲਗਭਗ 77 ਲੱਖ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਸਬੰਧੀ ਸਮੱਸਿਆਵਾਂ ਲਈ ਮੱਦਦ ਦੀ ਲੋੜ ਹੋਣ ਦਾ ਅਨੁਮਾਨ ਹੈ। ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਣਾ ਪੂਰੇ ਦੇਸ਼ ਵਿੱਚ ਕਾਫ਼ੀ ਫੈਲਿਆ ਹੋਇਆ ਹੈ। ਪੰਜਾਬ ਰਾਜ ਨੂੰ ਬੇਸ਼ੱਕ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਹੁਣ ਪੰਜਾਬ ਵਿੱਚ ਨਸ਼ਿਆ ਦਾ ਛੇਵਾਂ ਦਰਿਆ ਵਗ ਰਿਹਾ ਹੈ। ਕਈ ਵੱਡੇ-ਵੱਡੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਨਸ਼ਿਆਂ ਵਿੱਚ ਡੁੱਬੇ ਪਏ ਹਨ। ਚੋਣਾਂ ਦੌਰਾਨ ਤਾਂ ਨਸ਼ਿਆਂ ਦੀ ਵਰਤੋਂ ਕਈ ਗੁਣਾ ਵੱਧ ਜਾਂਦੀ ਹੈ। ਜਿਹੜੇ ਨੇਤਾ ਅਕਸਰ ਨਸ਼ਿਆ ਵਿਰੁੱਧ ਭਾਸ਼ਣ ਦਿੰਦੇ ਹਨ ਉਹੀ ਨੇਤਾ ਚੋਣਾਂ ਵਿੱਚ ਨਸ਼ਿਆਂ ਨੂੰ ਵੰਡਦੇ ਹਨ। ਚੋਣਾਂ ਸਮੇਂ ਵਿਕਣ ਵਾਲੀ ਜ਼ਹਿਰੀਲੀ ਸ਼ਰਾਬ ਅਤੇ ਹੋਰ ਮਿਲਾਵਟੀ ਨਸ਼ਿਆਂ ਨਾਲ ਕਈ ਵਾਰ ਆਮ ਲੋਕ ਮਾਰੇ ਜਾਂਦੇ ਹਨ। ਸਮਾਜ ਵਿੱਚ ਨਸ਼ਿਆਂ ਦੇ ਦਿਨ ਪ੍ਰਤੀ ਦਿਨ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚ ਸਰਕਾਰ ਦੀਆਂ ਢਿੱਲਮੱਠ ਦੀਆਂ ਨੀਤੀਆਂ, ਕਨੂੰਨ ਵਿੱਚ ਲਚਕੀਲਾਪਣ, ਨਸ਼ਿਆਂ ਦੇ ਸੋਦਾਗਰਾਂ ਦੀ ਸਰਕਾਰੇ ਦਰਬਾਰੇ ਪਹੁੰਚ, ਲੋਕਾਂ ਵਿੱਚ ਵੱਧ ਰਿਹਾ ਤਣਾਅ ਆਦਿ ਸ਼ਾਮਲ ਹਨ। ਸਮਾਜਿਕ-ਆਰਥਿਕ ਵਿਕਾਸ ਦੇ ਨਾਂ ਤੇ ਨਵੀਆਂ ਸਕੀਮਾਂ ਦਾ ਅਸਰ ਕੁਝ ਥਾਂਵਾਂ ਤੱਕ ਹੀ ਸੀਮਿਤ ਰਹਿ ਜਾਣ ਕਰਕੇ ਪੜ੍ਹਿਆ ਲਿਖਿਆ ਅਤੇ ਅਨਪੜ੍ਹ ਖਾਸ ਕਰਕੇ ਪੇਂਡੂ ਨੌਜਵਾਨ ਆਪਣੀਆਂ ਆਸਾਂ ਦੀ ਪੂਰਤੀ ਨਾ ਹੋ ਸਕਣ ਕਾਰਨ ਨਸ਼ਿਆਂ ਦੀ ਲਪੇਟ ਵਿੱਚ ਆ ਰਿਹਾ ਹੈ। ਗੈਰ ਸਰਕਾਰੀ ਸੰਗਠਨ ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼ ਅਤੇ ਏਮਜ਼ ਦੇ ਮਾਹਿਰਾਂ ਦੁਆਰਾ ਕਰਵਾਏ ਗਏ ਸਰਵੇਖਣ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿਚ ਲੱਗਭੱਗ 2.32 ਲੱਖ ਵਿਅਕਤੀ ਨਸ਼ਿਆਂ ਤੇ ਨਿਰਭਰ ਹਨ। ਇਸਦਾ ਮਤਲਬ ਹੈ ਕਿ ਬਾਲਗ ਆਬਾਦੀ ਦਾ 1.2% ਨਸ਼ਿਆਂ ਦੀ ਆਦੀ ਹੈ। ਪੰਜਾਬ ਦੀ ਆਬਾਦੀ ਦਾ ਸਭ ਤੋਂ ਵੱਧ ਪ੍ਰਤੀਸ਼ਤ ਨਸ਼ਿਆਂ ਦੀ ਵਰਤੋਂ ਕਰ ਰਿਹਾ ਹੈ। ਜ਼ਿਆਦਾਤਰ ਨਸ਼ਿਆਂ ਦੀਆਂ ਸ਼੍ਰੇਣੀਆਂ ਲਈ ਪੰਜਾਬ ਵਿੱਚ ਇਸਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਪ੍ਰਤੀਸ਼ਤਤਾ ਰਾਸ਼ਟਰੀ ਔਸਤ ਨਾਲੋਂ ਬਹੁਤ ਜ਼ਿਆਦਾ ਹੈ। ਪੰਜਾਬ ਵਿੱਚ ਸ਼ਰਾਬ ਦੀ ਵਰਤੋਂ 28.5% ਹੈ ਜਦੋਂ ਕਿ ਰਾਸ਼ਟਰੀ ਔਸਤ 14.6% ਹੈ,ਭੰਗ ਦੀ ਵਰਤੋਂ ਪੰਜਾਬ ਵਿੱਚ 12.5% ਅਤੇ ਰਾਸ਼ਟਰੀ ਔਸਤ 2.8% ਹੈ। ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨਜ਼ ਚੰਡੀਗੜ੍ਹ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਸਰਹੱਦੀ ਜਿਲ੍ਹਿਆਂ ਵਿੱਚ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਵਿੱਚ ਲੱਗਭੱਗ 35 ਫਿਸਦੀ 15 ਤੋਂ 25 ਸਾਲ ਦੇ ਨੌਜਵਾਨ ਸਾਮਿਲ ਹਨ। ਇੱਕ ਗੈਰ ਸਰਕਾਰੀ ਸੰਗਠਨ ਵਲੋਂ ਸਿਹਤ ਵਿਭਾਗ ਪੰਜਾਬ ਅਤੇ ਸਮਾਜਿਕ ਨਿਆਏ ਮੰਤਰਾਲਿਆ ਲਈ ਨਸ਼ਿਆਂ ਦੀ ਵਰਤੋਂ ਸਬੰਧੀ ਪੰਜਾਬ ਦੇ ਲੱਗਭੱਗ 10 ਜਿਲਿਆਂ ਬਠਿੰਡਾ, ਫਿਰੋਜਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰਗਰੂਰ, ਤਰਨਤਾਰਨ ਆਦਿ ਵਿੱਚ ਸਰਵੇਖਣ ਕੀਤਾ ਗਿਆ ਜਿਸ ਵਿੱਚ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਸਮਾਜਿਕ ਸੁਰਖਿਆ ਵਿਭਾਗ ਪੰਜਾਬ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿਤੇ ਗਏ ਐਫੀਡੈਵਿਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 16 ਫਿਸਦੀ ਲੋਕ ਗੰਭੀਰ ਨਸ਼ਿਆਂ ਦੇ ਆਦੀ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਵਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿੱਚ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ ਨਾਲ ਪੰਜਾਬ ਵਿੱਚ ਟੀਕਿਆਂ ਦੁਆਰਾ ਨਸ਼ਾ ਕਰਨ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ ਜੋ ਕਿ ਐਚ ਆਈ ਵੀ/ਏਡਜ਼ ਫੈਲਣ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਪੀ ਜੀ ਆਈ ਦੀ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਪੰਜਾਬ ਵਿੱਚ ਇਸ ਸਮੇਂ 3 ਮਿਲੀਅਨ ਤੋਂ ਵੱਧ ਲੋਕ ਕਿਸੇ ਨਾ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਕਰ ਰਹੇ ਹਨ। ਪਿਛਲੇ ਕੁੱਝ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਪਿਆਕੜਾਂ ਦੀ ਗਿਣਤੀ ਵਿੱਚ ਹੀ ਅਥਾਹ ਵਾਧਾ ਹੋਇਆ ਹੈ। ਪੰਜਾਬ ਵਿੱਚ ਜਹਿਰੀਲੀ ਸ਼ਰਾਬ ਅਤੇ ਮਿਲਾਵਟੀ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲਦੀਆਂ ਹਨ। ਪੁਲਿਸ ਵਲੋਂ ਆਏ ਦਿਨ ਨਸ਼ਿਆਂ ਸਬੰਧੀ ਦਰਜ਼ ਕੀਤੇ ਜਾਂਦੇ ਮਾਮਲੇ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਹੋ ਰਹੀ ਸਪਲਾਈ ਤੇ ਵਰਤੋਂ ਖਤਰਨਾਕ ਪੱਧਰ ਤੇ ਪਹੁੰਚ ਚੁੱਕੀ ਹੈ। ਸੰਸਦ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਪੰਜਾਬ ਵਿੱਚ 6.6 ਮਿਲੀਅਨ ਤੋਂ ਵੱਧ ਨਸ਼ਾ ਕਰਨ ਵਾਲਿਆਂ ਵਿੱਚੋਂ 697000 ਬੱਚੇ 10-17 ਸਾਲ ਦੀ ਉਮਰ ਦੇ ਹਨ। ਸਿਰਫ਼ ਮਰਦ ਹੀ ਨਹੀਂ ਸਗੋਂ ਨੌਜਵਾਨ ਔਰਤਾਂ ਵੀ ਨਸ਼ਾ ਤਸਕਰਾਂ ਦਾ ਨਿਸ਼ਾਨਾ ਹਨ। ਅੰਕੜੇ ਦੱਸਦੇ ਹਨ ਕਿ ਭਾਰਤ ਵਿੱਚ ਕੁੱਲ ਮਹਿਲਾ ਨਸ਼ਾ ਕਰਨ ਵਾਲੀਆਂ ਵਿੱਚੋਂ 16 ਪ੍ਰਤੀਸ਼ਤ ਪੰਜਾਬ ਤੋਂ ਹੀ ਹਨ। 2020 ਵਿੱਚ ਭਾਰਤ ਵਿੱਚ ਜ਼ਬਤ ਕੀਤੇ ਗਏ ਸਾਰੇ ਨਸ਼ਿਆਂ ਵਿੱਚੋਂ 75 ਪ੍ਰਤੀਸ਼ਤ ਪੰਜਾਬ ਵਿੱਚ ਹੀ ਸਨ। ਜਦੋਂ ਨਸ਼ੀਲੇ ਪਦਾਰਥਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਗੱਲ ਆਉਂਦੀ ਹੈ ਤਾਂ 2022 ਵਿੱਚ ਪੰਜਾਬ ਦਾ ਹਿੱਸਾ 21 ਪ੍ਰਤੀਸ਼ਤ ਸੀ। ਇਹਨਾਂ ਵਿੱਚੋਂ ਜ਼ਿਆਦਾਤਰ 18-30 ਸਾਲ ਦੀ ਉਮਰ ਦੇ ਵਿਅਕਤੀ ਸਨ। ਪੰਜਾਬ ਦੇ ਨਸ਼ੀਲੇ ਪਦਾਰਥਾਂ ਦੇ ਖਤਰੇ ਬਾਰੇ ਕਈ ਅਧਿਐਨ ਦਰਸਾਉਂਦੇ ਹਨ ਕਿ ਹਰੀ ਕ੍ਰਾਂਤੀ ਦੀ ਸਫਲਤਾ ਤੋਂ ਪ੍ਰਾਪਤ ਅਮੀਰੀ ਨੇ ਲੋਕਾਂ ਨੂੰ ਨਸ਼ੀਲੇ ਪਦਾਰਥਾਂ ਲਈ ਆਸਾਨੀ ਨਾਲ ਪੈਸਾ ਪ੍ਰਦਾਨ ਕੀਤਾ। ਡਰੱਗ ਮਾਫੀਆ ਅਤੇ ਪੁਲਿਸ ਗੱਠਜੋੜ ਨੂੰ ਨੱਥ ਪਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੱਗਭੱਗ 10000 ਪੁਲਿਸ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਤਬਦੀਲ ਕਰ ਦਿੱਤਾ। ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੇ ਸੂਬੇ ਵਿੱਚ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਨੈੱਟਵਰਕਾਂ ਨੂੰ ਵੱਡਾ ਝਟਕਾ ਦਿੱਤਾ ਹੈ। ਪੰਜਾਬ ਪੁਲਿਸ ਨੇ 31 ਮਈ ਤੱਕ ਲੱਗਭੱਗ 8344 ਐਫ ਆਈ ਆਰ ਦਰਜ ਕੀਤੀਆਂ ਹਨ ਅਤੇ 14734 ਨਸ਼ਿਆਂ ਦੇ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਵਿੱਚ 13038 ਨਸ਼ੇ ਦੇ ਤਸਕਰ ਅਤੇ 1696 ਸੂਚੀਬੱਧ ਨਸ਼ੇ ਦੇ ਸਪਲਾਇਰ/ਵਿਤਰਕ ਸ਼ਾਮਲ ਹਨ। ਇਸ ਮੁਹਿੰਮ ਦੌਰਾਨ ਨਸ਼ਿਆਂ ਦੀ ਵੱਡੀ ਬਰਾਮਦਗੀ ਹੋਈ ਹੈ ਜਿਸ ਵਿੱਚ 586 ਕਿਲੋਗ੍ਰਾਮ ਹੈਰੋਇਨ, 247 ਕਿਲੋਗ੍ਰਾਮ ਅਫੀਮ, 14 ਟਨ ਭੁੱਕੀ, 9 ਕਿਲੋਗ੍ਰਾਮ ਚਰਸ, 253 ਕਿਲੋਗ੍ਰਾਮ ਗਾਂਜਾ, 2.5 ਕਿਲੋਗ੍ਰਾਮ ਆਈਸ, 1.6 ਕਿਲੋਗ੍ਰਾਮ ਕੋਕੀਨ, 25.70 ਲੱਖ ਨਸ਼ੀਲੀਆਂ ਗੋਲੀਆਂ ਅਤੇ 10.76 ਕਰੋੜ ਰੁਪਏ ਦੀ ਡਰੱਗ ਮਨੀ ਸ਼ਾਮਲ ਹੈ। ਇਸ ਮੁਹਿੰਮ ਦੌਰਾਨ 144 ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਤੌਰ ਤੇ ਬਣਾਈਆਂ 74.27 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਗਿਆ ਹੈ ਅਤੇ ਨਸ਼ਾ ਤਸਕਰਾਂ ਦੀਆਂ 104 ਗੈਰ-ਕਾਨੂੰਨੀ ਤੌਰ ਤੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਹੈ। ਇਸ ਸਮੇਂ ਦੌਰਾਨ ਫੈਸਲਾ ਕੀਤੇ ਗਏ 1205 ਮਾਮਲਿਆਂ ਵਿੱਚੋਂ 1085 ਮਾਮਲਿਆਂ ਵਿੱਚ 90ਗ਼ ਦੀ ਸਜ਼ਾ ਦਰ ਨਾਲ ਦੋਸ਼ੀ ਠਹਿਰਾਇਆ ਗਿਆ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਸ ਦੌਰਾਨ 5786 ਨਸ਼ਾ ਕਰਨ ਵਾਲਿਆਂ ਨੂੰ ਇਲਾਜ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਜਾਇਆ ਗਿਆ ਹੈ ਜਦੋਂ ਕਿ 6483 ਨਸ਼ਾ ਕਰਨ ਵਾਲਿਆਂ ਨੂੰ ਪੁਲਿਸ ਨੇ ਓਟ ਕੇਂਦਰਾਂ ਤੋਂ ਇਲਾਜ ਕਰਵਾਉਣ ਲਈ ਤਿਆਰ ਕੀਤਾ ਹੈ। ਸਰਕਾਰ ਵਲੋਂ ਇਸ ਸਮੱਸਿਆ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰੰਤੂ ਨਸ਼ਿਆਂ ਦੇ ਕਾਰੋਬਾਰ ਵਿੱਚ ਕੋਈ ਖਾਸ ਕਮੀ ਨਜ਼ਰ ਨਹੀਂ ਆ ਰਹੀ ਹੈ। ਸਰਕਾਰ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਸਖਤੀ ਅਤੇ ਕਾਨੂੰਨੀ ਕਾਰਵਾਈ ਦਾ ਵੀ ਜਿਆਦਾ ਅਸਰ ਵੇਖਣ ਨੂੰ ਨਹੀਂ ਮਿਲ਼ ਰਿਹਾ ਹੈ ਕਿਉਂਕਿ ਕਈ ਵਿਅਕਤੀ ਰਾਜਨੀਤੀਵਾਨਾਂ ਅਤੇ ਅਧਿਕਾਰੀਆਂ ਦੀ ਮਿਲੀਭੁੱਗਤ ਨਾਲ ਬਿਨਾਂ ਕਿਸੇ ਡਰ ਦੇ ਅਪਣਾ ਧੰਦਾ ਕਰ ਰਹੇ ਹਨ। ਸੰਯੁਕਤ ਰਾਸ਼ਟਰ ਦੇ ਨਸ਼ਿਆਂ ਅਤੇ ਅਪਰਾਧ ਬਾਰੇ ਦਫ਼ਤਰ ਵਲੋਂ ਵਿਸ਼ਵ ਪੱਧਰ ਤੇ ਵਿਸ਼ੇਸ਼ ਸੁਨੇਹਾ ਹੈ ਕਿ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੇ ਕਲੰਕ ਅਤੇ ਵਿਤਕਰੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕੀਤਾ ਜਾਵੇ।ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਵਿੱਚ ਏਡਜ਼ ਅਤੇ ਹੈਪੇਟਾਈਟਸ ਮਹਾਂਮਾਰੀ ਬਾਰੇ ਜਾਗਰੂਕਤਾ ਪ੍ਰੋਗਰਾਮਾਂ ਦਾ ਵਿਸਥਾਰ ਕੀਤਾ ਜਾਵੇ, ਉਪਲੱਬਧ ਇਲਾਜਾਂ ਅਤੇ ਸ਼ੁਰੂਆਤੀ ਦਖਲ ਅਤੇ ਸਹਾਇਤਾ ਦੀ ਮਹੱਤਤਾ ਬਾਰੇ ਸਿੱਖਿਅਤ ਕੀਤਾ ਜਾਵੇ। ਆਦਰਯੋਗ ਅਤੇ ਗੈਰ-ਨਿਰਣਾਇਕ ਭਾਸ਼ਾ ਅਤੇ ਰਵੱਈਏ ਨੂੰ ਉਤਸ਼ਾਹਿਤ ਕਰਕੇ ਕਲੰਕ ਅਤੇ ਵਿਤਕਰੇ ਦਾ ਮੁਕਾਬਲਾ ਕੀਤਾ ਜਾਵੇ।ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਤਸਕਰਾਂ ਤੇ ਕਾਰਵਾਈ ਕੀਤੀ ਜਾਵੇ। ਮਾਮੂਲੀ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਸਜ਼ਾ ਅਤੇ ਕੈਦ ਦੀ ਬਜਾਏ ਮੁੜ ਵਸੇਬੇ ਤੇ ਜ਼ੋਰ ਦਿਤਾ ਗਿਆ ਹੈ। ਜੇਕਰ ਸਰਕਾਰ ਅਤੇ ਬੁੱਧੀਜੀਵੀ ਵਰਗ ਨੇ ਅਜੇ ਵੀ ਇਸ ਸਮੱਸਿਆ ਵੱਲ ਧਿਆਨ ਨਾਂ ਦਿਤਾ ਤਾਂ ਆਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ। ਸਰਕਾਰ ਦੇ ਨਾਲ ਨਾਲ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂਆਂ ਨੂੰ ਵੀ ਇਸ ਸਮੱਸਿਆ ਤੋਂ ਲੋਕਾਂ ਨੂੰ ਬਚਾਉਣ ਲਈ ਖੁੱਲਕੇ ਅੱਗੇ ਆਣਾ ਪਵੇਗਾ ਤਾਂ ਜੋ ਦੇਸ਼ ਅਤੇ ਸਮਾਜ ਵਿੱਚਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਨੂੰ ਖਤਮ ਕਰਕੇ ਇਸ ਦਿਨ ਦਾ ਮੰਤਬ ਪੂਰਾ ਕੀਤਾ ਜਾ ਸਕੇ।






ਐਡਵੋਕੇਟ ਕੁਲਦੀਪ ਚੰਦ
91-9417563054

# ਵਿਸ਼ਵ ਸ਼ਰਨਾਰਥੀ ਦਿਵਸ 20 ਜੂਨ 2025 - ਮਾਨਤਾ ਰਾਹੀਂ ਏਕਤਾ

## ਵਿਸ਼ਵਵਿਆਪੀ ਬਦਲਦੇ ਸੰਦਰਭ ਵਿੱਚ ਜ਼ਬਰਦਸਤੀ ਸਵਾਰਥੀ ਪ੍ਰਵਾਸ: ਡਰ, ਜ਼ੁਲਮ, ਹਿੰਸਾ ਅਤੇ ਵਾਤਾਵਰਣ ਜਲਵਾਯੂ ਪਰਿਵਰਤਨ ਤੋਂ ਪੀੜਤ ਸ਼ਰਨਾਰਥੀ ਬਨਾਮ ਸ਼ਰਨਾਰਥੀ

ਵਿਸ਼ਵ ਸ਼ਰਨਾਰਥੀ ਦਿਵਸ ਹਰ ਸਾਲ 20 ਜੂਨ ਨੂੰ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ, ਜਿਸਦਾ ਹਰ ਸਾਲ ਇੱਕ ਥੀਮ ਹੁੰਦਾ ਹੈ, 20 ਜੂਨ 2025 ਦਾ ਥੀਮ ਮਾਨਤਾ ਰਾਹੀਂ ਏਕਤਾ ਹੈ। ਦਰਅਸਲ, ਦੁਨੀਆ ਭਰ ਵਿੱਚ ਵੱਡੀ ਗਿਣਤੀ ਵਿੱਚ ਸ਼ਰਨਾਰਥੀ ਰਹਿੰਦੇ ਹਨ। ਅਤਿਆਚਾਰ, ਟਕਰਾਅ ਅਤੇ ਹਿੰਸਾ ਵਰਗੀਆਂ ਕਈ ਚੁਣੌਤੀਆਂ ਕਾਰਨ, ਉਹ ਆਪਣਾ ਦੇਸ਼ ਛੱਡ ਕੇ ਭੱਜਣ ਲਈ ਮਜਬੂਰ ਹਨ। ਜਿਸ ਤੋਂ ਬਾਅਦ ਉਨ੍ਹਾਂ ਸਾਰਿਆਂ ਨੂੰ ਕਈ ਦੇਸ਼ਾਂ ਵਿੱਚ ਪਨਾਹ ਮਿਲਦੀ ਹੈ। ਇਸ ਦੇ ਨਾਲ ਹੀ, ਉਨ੍ਹਾਂ ਨੂੰ ਕਈ ਦੇਸ਼ਾਂ ਤੋਂ ਵੀ ਕੱਢ ਦਿੱਤਾ ਜਾਂਦਾ ਹੈ। ਬੇਸ਼ੱਕ ਉਨ੍ਹਾਂ ਨੂੰ ਪਨਾਹ ਮਿਲਦੀ ਹੈ, ਪਰ ਉਨ੍ਹਾਂ ਨੂੰ ਸਤਿਕਾਰ ਅਤੇ ਅਧਿਕਾਰ ਨਹੀਂ ਮਿਲਦੇ। ਇਸ ਦਾ ਮਕਸਦ ਸ਼ਰਨਾਰਥੀ ਦੀ ਹਿੰਮਤ, ਤਾਕਤ ਅਤੇ ਦ੍ਰਿੜ ਇਰਾਦੇ ਪ੍ਰਤੀ ਸਤਿਕਾਰ ਪ੍ਰਗਟ ਕਰਨਾ ਹੈ। ਇਸ ਦੇ ਨਾਲ ਹੀ, ਇਸ ਦਿਨ ਨੂੰ ਮਨਾਉਣ ਦਾ ਇੱਕ ਹੋਰ ਮਕਸਦ ਲੋਕਾਂ ਦਾ ਧਿਆਨ ਸ਼ਰਨਾਰਥੀ ਦੀ ਮਾੜੀ ਹਾਲਤ ਵੱਲ ਖਿੱਚਣਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਹੈ। ਸੰਯੁਕਤ ਰਾਸ਼ਟਰ 1951 ਸ਼ਰਨਾਰਥੀ ਕਨਵੈਨਸ਼ਨ ਅਤੇ ਇਸਦਾ ਪ੍ਰੋਟੋਕੋਲ 1967, ਹਾਲਾਂਕਿ ਭਾਰਤ ਅਤੇ ਅਮਰੀਕਾ ਨੇ ਇਸ 'ਤੇ ਦਸਤਖਤ ਨਹੀਂ ਕੀਤੇ ਹਨ, ਪਰ ਇਸਦੇ ਅਨੁਸਾਰ ਸ਼ਰਨਾਰਥੀ ਕਨਵੈਨਸ਼ਨ ਅਤੇ ਇਸਦਾ 1967 ਪ੍ਰੋਟੋਕੋਲ ਬਹੁਤ ਮਹੱਤਵਪੂਰਨ ਹਨ। ਸ਼ਰਨਾਰਥੀ ਦੁਨੀਆ ਦੇ ਸਭ ਤੋਂ ਕਮਜ਼ੋਰ ਲੋਕਾਂ ਵਿੱਚੋਂ ਹਨ। ਇਹ ਕਨਵੈਨਸ਼ਨ ਅਤੇ ਪ੍ਰੋਟੋਕੋਲ ਉਨ੍ਹਾਂ ਦੀ ਸੁਰੱਖਿਆ ਵਿੱਚ ਮਦਦ ਕਰਦੇ ਹਨ। ਉਹ ਇੱਕੋ ਇੱਕ ਵਿਸ਼ਵ ਕਾਨੂੰਨੀ ਸਾਧਨ ਹਨ ਜੋ ਸ਼ਰਨਾਰਥੀ ਦੇ ਜੀਵਨ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਨੂੰ ਸਪਸ਼ਟ ਤੌਰ 'ਤੇ ਕਵਰ ਕਰਦੇ ਹਨ। ਉਨ੍ਹਾਂ ਦੇ ਉਪਬੰਧਾਂ ਦੇ ਅਨੁਸਾਰ, ਸ਼ਰਨਾਰਥੀ, ਘੱਟੋ ਘੱਟ, ਕਿਸੇ ਦਿੱਤੇ ਦੇਸ਼ ਵਿੱਚ ਦੂਜੇ ਵਿਦੇਸ਼ੀ ਨਾਗਰਿਕਾਂ ਵਾਂਗ ਹੀ ਵਿਵਹਾਰ ਦੇ ਮਿਆਰਾਂ ਅਤੇ, ਬਹੁਤ ਸਾਰੇ ਮਾਮਲਿਆਂ ਵਿੱਚ, ਨਾਗਰਿਕਾਂ ਵਾਂਗ ਹੀ ਵਿਵਹਾਰ ਦੇ ਹੱਕਦਾਰ ਹਨ। 1951 ਕਨਵੈਨਸ਼ਨ ਵਿੱਚ ਬਹੁਤ ਸਾਰੇ ਅਧਿਕਾਰ ਸ਼ਾਮਲ ਹਨ ਅਤੇ ਸ਼ਰਨਾਰਥੀ ਦੇ ਆਪਣੇ ਮੇਜ਼ਬਾਨ ਦੇਸ਼ ਪ੍ਰਤੀ ਜ਼ਿੰਮੇਵਾਰੀਆਂ ਨੂੰ ਵੀ ਉਜਾਗਰ ਕਰਦੇ ਹਨ। 1951 ਕਨਵੈਨਸ਼ਨ ਦਾ ਨੀਂਹ ਪੱਥਰ ਗੈਰ-ਰਿਫਿਊਲਮੈਂਟ ਦਾ ਸਿਧਾਂਤ ਹੈ। ਇਸ ਸਿਧਾਂਤ ਦੇ ਅਨੁਸਾਰ, ਇੱਕ ਸ਼ਰਨਾਰਥੀ ਨੂੰ ਉਸ ਦੇਸ਼ ਵਿੱਚ ਵਾਪਸ ਨਹੀਂ ਭੇਜਿਆ ਜਾਣਾ ਚਾਹੀਦਾ ਜਿੱਥੇ ਉਸਨੂੰ ਆਪਣੀ ਜਾਨ ਜਾਂ ਆਜ਼ਾਦੀ ਲਈ ਗੰਭੀਰ ਖ਼ਤਰਾ ਹੋਵੇ। ਇਹ ਸੁਰੱਖਿਆ ਉਹਨਾਂ ਸ਼ਰਨਾਰਥੀਆਂ ਦੁਆਰਾ ਦਾਅਵਾ ਨਹੀਂ ਕੀਤੀ ਜਾ ਸਕਦੀ ਜਿਨ੍ਹਾਂ ਨੂੰ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਮੰਨਿਆ ਜਾਂਦਾ ਹੈ, ਜਾਂ ਕਿਸੇ ਖਾਸ ਗੰਭੀਰ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ, ਜਿਨ੍ਹਾਂ ਨੂੰ ਭਾਈਚਾਰੇ ਲਈ ਖ਼ਤਰਾ ਮੰਨਿਆ ਜਾਂਦਾ ਹੈ। ਪਰ ਮੈਂ, ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ, ਦਾ ਮੰਨਣਾ ਹੈ ਕਿ 1951 ਦੇ ਕਨਵੈਨਸ਼ਨ ਅਤੇ 1967 ਦੇ ਪ੍ਰੋਟੋਕੋਲ ਵਿੱਚ ਸੋਧ ਕਰਨ ਦੀ ਲੋੜ ਹੈ? ਕਿਉਂਕਿ ਇਸ ਸਮੇਂ, ਅਮਰੀਕਾ-ਭਾਰਤ-ਪਾਕਿਸਤਾਨ ਸਮੇਤ ਕਈ ਦੇਸ਼ਾਂ ਵਿੱਚ ਹੋ ਰਹੇ ਗੰਭੀਰ ਦੰਗਿਆਂ ਅਤੇ ਇਮੀਗ੍ਰੇਸ਼ਨ ਵਿਵਾਦਾਂ ਕਾਰਨ, ਮਾਹੌਲ ਦੰਗਿਆਂ ਵਿੱਚ ਬਦਲਣ ਦੀ ਸੰਭਾਵਨਾ ਬਣ ਗਿਆ ਹੈ? ਭਾਰਤ ਦੇ ਆਪਰੇਸ਼ਨ ਪੁਸ਼ਬੈਕ ਅਤੇ ਅਮਰੀਕਾ ਦੇ ਟਾਰਗੇਟ @ 3000 ਕਾਰਨ ਦੰਗੇ ਭੜਕ ਉੱਠੇ ਹਨ, ਇਸ ਲਈ ਅੱਜ, ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਇਸ ਲੇਖ ਰਾਹੀਂ ਅਸੀਂ ਵਿਸ਼ਵ ਵਿਆਪੀ ਸੰਦਰਭ ਵਿੱਚ ਜ਼ਬਰਦਸਤੀ ਸਵਾਰਥੀ ਪ੍ਰਵਾਸ ਸ਼ਰਨਾਰਥੀ ਬਨਾਮ ਡਰ ਅਤਿਆਚਾਰ ਹਿੰਸਾ ਅਤੇ ਵਾਤਾਵਰਣ ਜਲਵਾਯੂ ਪਰਿਵਰਤਨ ਸ਼ਰਨਾਰਥੀਆਂ ਬਾਰੇ ਚਰਚਾ ਕਰਾਂਗੇ।




ਦੋਸਤੋ, ਜੇਕਰ ਅਸੀਂ ਅਮਰੀਕਾ ਬਾਰੇ ਗੱਲ ਕਰੀਏ, ਤਾਂ ਉੱਥੇ ਘੁਸਪੈਠ ਦੀ ਸਥਿਤੀ ਘੱਟ ਜਾਂ ਘੱਟ ਇੱਕੋ ਜਿਹੀ ਹੈ। ਇੱਕ ਵਾਰ ਘੁਸਪੈਠੀਏ ਦੇ ਦਾਖਲ ਹੋਣ ਤੋਂ ਬਾਅਦ, ਉਸਨੂੰ ਦੇਸ਼ ਨਿਕਾਲਾ ਦੇਣਾ ਵੀ ਇੱਕ ਲੰਮਾ ਅਤੇ ਵਿਵਾਦਪੂਰਨ ਮਾਮਲਾ ਬਣ ਜਾਂਦਾ ਹੈ। ਅਮਰੀਕਾ ਦੇ ਕੁਝ ਸ਼ਹਿਰ ਜਿਵੇਂ ਕਿ ਲਾਸ ਏਂਜਲਸ, ਨਿਊਯਾਰਕ ਅਤੇ ਸੈਨ ਫਰਾਂਸਿਸਕੋ ਹਨ, ਜਿੱਥੇ ਅਧਿਕਾਰੀਆਂ ਨੂੰ ਇਨ੍ਹਾਂ ਘੁਸਪੈਠੀਆਂ ਤੋਂ ਪੁੱਛਗਿੱਛ ਕਰਨ ਜਾਂ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣ ਦੀ ਇਜਾਜ਼ਤ ਨਹੀਂ ਹੈ। ਇਹ ਸ਼ਹਿਰ ਸਪੱਸ਼ਟ ਤੌਰ 'ਤੇ ਦੇਸ਼ ਨਿਕਾਲੇ ਦੇ ਆਦੇਸ਼ਾਂ ਜਾਂ ਪੁਲਿਸ ਨਾਲ ਸਹਿਯੋਗ ਕਰਨ ਤੋਂ ਇਨਕਾਰ ਕਰਦੇ ਹਨ, ਉਨ੍ਹਾਂ ਨੂੰ ਕਾਨੂੰਨ ਲਾਗੂ ਕਰਨ ਵਾਲੇ ਦੇ ਰਾਜਨੀਤਿਕ ਹਥਿਆਰ ਵਜੋਂ ਦੇਖਦੇ ਹਨ। ਇਸ ਨਾਲ ਸਬੰਧਤ ਇੱਕ ਡਰਾਮਾ ਜੂਨ 2025 ਦੀ ਸ਼ੁਰੂਆਤ ਤੋਂ ਲਾਸ ਏਂਜਲਸ ਵਿੱਚ ਚੱਲ ਰਿਹਾ ਹੈ। ਜਦੋਂ ਇੱਥੇ ਘੁਸਪੈਠੀਆਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਗਈ, ਤਾਂ ਇਸਦੇ ਵਿਰੁੱਧ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਪੁਲਿਸ ਨੇ ਇਨ੍ਹਾਂ ਪ੍ਰਦਰਸ਼ਨਕਾਰੀਆਂ 'ਤੇ ਅੱਥਰੂ ਗੈਸ ਅਤੇ ਰਬੜ ਦੀਆਂ ਗੋਲੀਆਂ ਚਲਾਈਆਂ। ਇਸ ਤੋਂ ਬਾਅਦ, ਯੂਨੀਅਨ ਨੇਤਾ ਨੂੰ ਗ੍ਰਿਫਤਾਰ ਕਰ ਲਿਆ ਗਿਆ, ਸਰਕਾਰ ਨੇ ਫਿਰ ਟਾਈਟਲ 10 ਕਾਨੂੰਨ ਦੇ ਤਹਿਤ 4,000 ਨੈਸ਼ਨਲ ਗਾਰਡ ਸਿਪਾਹੀਆਂ ਅਤੇ 700 ਮਰੀਨ ਨੂੰ ਤਾਇਨਾਤ ਕਰਕੇ ਜਵਾਬ ਦਿੱਤਾ। ਇਸ ਤੋਂ ਬਾਅਦ, ਹੰਗਾਮਾ ਹੋਰ ਵਧ ਗਿਆ। ਬਹੁਤ ਸਾਰੀਆਂ ਕਾਰਾਂ ਸਾੜ ਦਿੱਤੀਆਂ ਗਈਆਂ, ਸੜਕਾਂ ਨੂੰ ਰੋਕ ਦਿੱਤਾ ਗਿਆ, ਬਹੁਤ ਸਾਰੇ ਪੱਤਰਕਾਰ ਜ਼ਖਮੀ ਹੋ ਗਏ। ਇਸ ਪੂਰੇ ਹੰਗਾਮੇ ਨੂੰ ਟਰੰਪ ਪ੍ਰਸ਼ਾਸਨ ਦੀ ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ ਨੀਤੀ ਅਤੇ ਇੱਕ ਸ਼ਹਿਰ ਨੂੰ ਉਨ੍ਹਾਂ ਲਈ ਪਨਾਹਗਾਹ ਬਣਾਉਣ ਦੀ ਰਾਜਨੀਤੀ ਦੇ ਪ੍ਰਤੀਬਿੰਬ ਵਜੋਂ ਦੇਖਿਆ ਜਾ ਸਕਦਾ ਹੈ। ਇਸ ਸਭ ਵਿੱਚ, ਦੇਸ਼ ਨਿਕਾਲੇ ਹੋਰ ਵੀ ਮੁਸ਼ਕਲ ਹੋ ਜਾਂਦੇ ਹਨ। ਭਾਵੇਂ ਮੌਜੂਦਾ ਅਮਰੀਕੀ ਰਾਸ਼ਟਰਪਤੀ ਸਰਹੱਦ 'ਤੇ ਸਖ਼ਤੀ ਨਾਲ ਅਮਲ ਕਰਨ ਅਤੇ ਜ਼ਮੀਨ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹਟਾਉਣ ਲਈ ਜ਼ੋਰ ਦੇ ਰਹੇ ਹਨ, ਕਾਨੂੰਨੀ ਪ੍ਰਣਾਲੀ ਅਤੇ ਕੁਝ ਖਾਸ ਸ਼ਹਿਰ ਇਸਦਾ ਸਖ਼ਤ ਮੁਕਾਬਲਾ ਕਰ ਰਹੇ ਹਨ।

ਦੋਸਤੋ, ਜੇਕਰ ਅਸੀਂ ਭਾਰਤ ਦੀ ਗੱਲ ਕਰੀਏ ਤਾਂ ਇੱਥੇ ਵੀ ਇਸ ਸਮੇਂ ਆਪਰੇਸ਼ਨ ਪੁਸ਼ਬੈਕ ਚੱਲ ਰਿਹਾ ਹੈ। ਇਸ ਤਹਿਤ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਵਾਪਸ ਭੇਜਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਕਾਰਵਾਈ ਇਸ ਵੇਲੇ ਕੁਝ ਹਜ਼ਾਰ ਲੋਕਾਂ ਤੱਕ ਸੀਮਤ ਹੈ। ਭਾਰਤੀ ਫੈਸ਼ਨ, ਅਸਲ ਵਿੱਚ ਇੱਕ ਵਾਰ ਜਦੋਂ ਗੈਰ-ਕਾਨੂੰਨੀ ਪ੍ਰਵਾਸੀ ਕਿਸੇ ਦੇਸ਼ ਵਿੱਚ ਦਾਖਲ ਹੁੰਦੇ ਹਨ, ਭਾਵੇਂ ਉਹ ਭਾਰਤ ਹੋਵੇ, ਅਮਰੀਕਾ ਹੋਵੇ ਜਾਂ ਯੂਰਪੀ ਦੇਸ਼, ਉਨ੍ਹਾਂ ਨੂੰ ਵਾਪਸ ਭੇਜਣਾ ਕਾਨੂੰਨੀ ਰੁਕਾਵਟਾਂ, ਰਾਜਨੀਤਿਕ ਵਿਰੋਧ ਅਤੇ ਸਰਗਰਮੀ ਦਾ ਇੱਕ ਭੁਲੇਖਾ ਬਣ ਜਾਂਦਾ ਹੈ। ਕਾਨੂੰਨ ਇਹ ਹੋਣਾ ਚਾਹੀਦਾ ਹੈ ਕਿ ਕਿਸੇ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਚੁੱਕ ਕੇ ਸਿੱਧਾ ਵਾਪਸ ਭੇਜਿਆ ਜਾਵੇ। ਹਾਲਾਂਕਿ, ਇਹ ਲੰਬੀਆਂ ਅਦਾਲਤੀ ਲੜਾਈਆਂ, ਸਰਗਰਮੀ ਅਤੇ ਕਾਨੂੰਨੀ ਚਾਲਾਂ ਵਿੱਚ ਬਦਲ ਗਿਆ ਹੈ।




ਦਿਲਚਸਪ ਗੱਲ ਇਹ ਹੈ ਕਿ ਜਦੋਂ ਕਿ ਭਾਰਤ ਵਰਗੇ ਦੇਸ਼ਾਂ ਵਿੱਚ ਘੁਸਪੈਠੀਆਂ ਨੂੰ ਬਾਹਰ ਕੱਢਣਾ ਇੱਕ ਮੁਸ਼ਕਲ ਕੰਮ ਹੈ, ਪਾਕਿਸਤਾਨ ਤੇਜ਼ੀ ਨਾਲ ਅਫਗਾਨਿਸਤਾਨ ਤੋਂ ਲੋਕਾਂ ਨੂੰ ਦੇਸ਼ ਨਿਕਾਲਾ ਦੇ ਰਿਹਾ ਹੈ। ਰਿਪੋਰਟਾਂ ਦਰਸਾਉਂਦੀਆਂ ਹਨ ਕਿ ਫਰਵਰੀ 2025 ਤੱਕ, ਪਾਕਿਸਤਾਨ ਨੇ ਬਿਨਾਂ ਕਿਸੇ ਝੰਜਟ ਦੇ 8 ਲੱਖ ਤੋਂ ਵੱਧ ਅਫਗਾਨੀਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ।

ਦੋਸਤੋ, ਜੇਕਰ ਅਸੀਂ ਭਾਰਤ ਦੇ 1951 ਦੇ ਸ਼ਰਨਾਰਥੀ ਸੰਮੇਲਨ ਅਤੇ ਅਮਰੀਕਾ ਦੇ 1967 ਦੇ ਪ੍ਰੋਟੋਕੋਲ ਵਿੱਚ ਸ਼ਾਮਲ ਨਾ ਹੋਣ ਬਾਰੇ ਗੱਲ ਕਰੀਏ, ਤਾਂ ਭਾਰਤ ਸ਼ਾਮਲ ਨਹੀਂ ਹੈ। ਇਸਦਾ ਮਤਲਬ ਹੈ ਕਿ ਭਾਰਤ ਕਾਨੂੰਨੀ ਤੌਰ 'ਤੇ ਇਨ੍ਹਾਂ ਅੰਤਰਰਾਸ਼ਟਰੀ ਸਮਝੌਤਿਆਂ ਨਾਲ ਬੰਨ੍ਹਿਆ ਨਹੀਂ ਹੈ, ਜੋ ਸ਼ਰਨਾਰਥੀਆਂ ਦੇ ਅਧਿਕਾਰਾਂ ਨੂੰ ਪਰਿਭਾਸ਼ਿਤ ਕਰਦੇ ਹਨ ਅਤੇ ਦੇਸ਼ਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਭੇਜਣ ਤੋਂ ਰੋਕਦੇ ਹਨ। ਹਾਲਾਂਕਿ, ਭਾਰਤ ਨੇ ਹਮੇਸ਼ਾ ਗੁਆਂਢੀ ਦੇਸ਼ਾਂ ਤੋਂ ਆਉਣ ਵਾਲੇ ਸ਼ਰਨਾਰਥੀਆਂ ਨੂੰ ਮਾਨਵੀ ਆਧਾਰ 'ਤੇ ਸਵੀਕਾਰ ਕੀਤਾ ਹੈ ਅਤੇ ਉਨ੍ਹਾਂ ਨਾਲ ਸਤਿਕਾਰ ਨਾਲ ਪੇਸ਼ ਆਇਆ ਹੈ। ਭਾਰਤ ਦਾ ਮੰਨਣਾ ਹੈ ਕਿ ਸ਼ਰਨਾਰਥੀ ਸਮੱਸਿਆ ਇੱਕ ਦੁਵੱਲੀ ਮੁੱਦਾ ਹੈ ਅਤੇ ਸਥਿਤੀ ਆਮ ਹੋਣ 'ਤੇ ਸ਼ਰਨਾਰਥੀਆਂ ਨੂੰ ਆਪਣੇ ਦੇਸ਼ਾਂ ਵਿੱਚ ਵਾਪਸ ਜਾਣਾ ਚਾਹੀਦਾ ਹੈ। ਭਾਰਤ ਵਿੱਚ ਸ਼ਰਨਾਰਥੀਆਂ ਲਈ ਕੋਈ ਖਾਸ ਕਾਨੂੰਨ ਨਹੀਂ ਹੈ, ਪਰ ਸੰਵਿਧਾਨ ਦੀ ਧਾਰਾ 21 ਦੇ ਤਹਿਤ, ਸਾਰੇ ਵਿਅਕਤੀਆਂ ਨੂੰ ਜੀਵਨ ਅਤੇ ਆਜ਼ਾਦੀ ਦਾ ਅਧਿਕਾਰ ਹੈ, ਭਾਵੇਂ ਉਹ ਭਾਰਤ ਦੇ ਨਾਗਰਿਕ ਹੋਣ ਜਾਂ ਨਾ ਹੋਣ। ਇਸਦਾ ਮਤਲਬ ਹੈ ਕਿ ਸ਼ਰਨਾਰਥੀਆਂ ਨੂੰ ਵੀ ਇਸ ਅਧਿਕਾਰ ਤੋਂ ਸੁਰੱਖਿਆ ਮਿਲਦੀ ਹੈ, ਅਤੇ ਉਨ੍ਹਾਂ ਨੂੰ ਮਨਮਾਨੇ ਢੰਗ ਨਾਲ ਵਾਪਸ ਨਹੀਂ ਭੇਜਿਆ ਜਾ ਸਕਦਾ। ਭਾਰਤ ਵਿੱਚ ਸ਼ਰਨਾਰਥੀ ਸਮੱਸਿਆ ਨੂੰ ਹੱਲ ਕਰਨ ਲਈ, ਇੱਕ ਸਪੱਸ਼ਟ ਸ਼ਰਨਾਰਥੀ ਨੀਤੀ ਦੀ ਲੋੜ ਹੈ ਜੋ ਸ਼ਰਨਾਰਥੀਆਂ ਦੇ ਪ੍ਰਬੰਧਨ ਲਈ ਇੱਕ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਣਾਲੀ ਬਣਾਈਏ।


ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ

ਅਮਰੀਕਾ 1951 ਦੇ ਅੰਤਰਰਾਸ਼ਟਰੀ ਸ਼ਰਨਾਰਥੀ ਸੰਮੇਲਨ ਦਾ ਹਿੱਸਾ ਨਹੀਂ ਹੈ, ਪਰ ਇਸਨੇ 1967 ਦੇ ਪ੍ਰੋਟੋਕੋਲ 'ਤੇ ਦਸਤਖਤ ਕੀਤੇ ਹਨ, 1967 ਪ੍ਰੋਟੋਕੋਲ 1951 ਦੇ ਸੰਮੇਲਨ ਦੇ ਦਾਇਰੇ ਨੂੰ ਵਧਾਉਂਦਾ ਹੈ, ਜਿਸਦਾ ਅਰਥ ਹੈ ਕਿ ਅਮਰੀਕਾ ਨੇ ਸ਼ਰਨਾਰਥੀਆਂ ਦੀ ਸਥਿਤੀ ਨਾਲ ਸਬੰਧਤ ਕੁਝ ਜ਼ਿੰਮੇਵਾਰੀਆਂ ਨੂੰ ਸਵੀਕਾਰ ਕੀਤਾ ਹੈ, ਪਰ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਹੀਂ। 1951 ਸ਼ਰਨਾਰਥੀ ਸੰਮੇਲਨ ਸ਼ਰਨਾਰਥੀਆਂ ਦੀ ਪਰਿਭਾਸ਼ਾ ਅਤੇ ਉਨ੍ਹਾਂ ਨੂੰ ਪ੍ਰਦਾਨ ਕੀਤੇ ਗਏ ਅਧਿਕਾਰਾਂ ਨੂੰ ਨਿਰਧਾਰਤ ਕਰਦਾ ਹੈ। 1980 ਦੇ ਸ਼ਰਨਾਰਥੀ ਐਕਟ ਵਿੱਚ ਸ਼ਰਨਾਰਥੀ ਦੀ ਪਰਿਭਾਸ਼ਾ ਅਤੇ ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਵਿੱਚ ਸ਼ਰਣ ਦੀ ਪ੍ਰਕਿਰਿਆ ਸ਼ਾਮਲ ਹੈ। ਇਸ ਐਕਟ ਵਿੱਚ, ਅਮਰੀਕਾ ਨੇ 1967 ਦੇ ਪ੍ਰੋਟੋਕੋਲ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੀ ਗੱਲ ਕੀਤੀ ਹੈ।

ਦੋਸਤੋ, ਜੇਕਰ ਅਸੀਂ ਸ਼ਰਨਾਰਥੀ ਦਿਵਸ ਨੂੰ ਸਹੀ ਅਰਥਾਂ ਵਿੱਚ ਸਮਰਪਿਤ ਪੀੜਤਾਂ ਬਾਰੇ ਗੱਲ ਕਰੀਏ, ਤਾਂ ਅਸੀਂ ਤੁਹਾਨੂੰ ਦੱਸ ਦੇਈਏ ਕਿ ਵਿਸ਼ਵ ਸ਼ਰਨਾਰਥੀ ਦਿਵਸ ਉਨ੍ਹਾਂ ਲੋਕਾਂ ਨੂੰ ਸਮਰਪਿਤ ਇੱਕ ਦਿਨ ਹੈ ਜੋ ਕਿਸੇ ਮਜਬੂਰੀ ਕਾਰਨ ਆਪਣੇ ਘਰ ਤੋਂ ਬਾਹਰ ਰਹਿਣ ਲਈ ਮਜਬੂਰ ਹਨ ਅਤੇ ਉੱਥੇ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ। ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਇਹ ਦੇਖਿਆ ਗਿਆ ਹੈ ਕਿ ਆਫ਼ਤ, ਹੜ੍ਹ, ਕਿਸੇ ਵੀ ਮਹਾਂਮਾਰੀ, ਯੁੱਧ, ਹਿੰਸਾ ਅਤੇ ਹੋਰ ਕਾਰਨਾਂ ਕਰਕੇ ਲੋਕ ਆਪਣੇ ਘਰ ਛੱਡਣ ਲਈ ਮਜਬੂਰ ਹੋਏ ਹਨ। ਸੰਯੁਕਤ ਰਾਸ਼ਟਰ ਨੇ ਇਸ ਦਿਨ ਨੂੰ ਦੁਨੀਆ ਭਰ ਦੇ ਅਜਿਹੇ ਲੋਕਾਂ ਅਤੇ ਉਨ੍ਹਾਂ ਦੇ ਸੰਘਰਸ਼ਾਂ ਦੀ ਮਦਦ ਲਈ ਸਮਰਪਿਤ ਕੀਤਾ ਹੈ। ਇੰਨਾ ਹੀ ਨਹੀਂ, ਇਹ ਸ਼ਰਨਾਰਥੀ ਪ੍ਰੇਰਿਤ ਹਨ, ਉਹ ਦੂਜੇ ਦੇਸ਼ਾਂ ਵਿੱਚ ਜਾ ਸਕਦੇ ਹਨ ਅਤੇ ਆਪਣੀ ਜ਼ਿੰਦਗੀ ਦੁਬਾਰਾ ਸ਼ੁਰੂ ਕਰ ਸਕਦੇ ਹਨ। ਤਾਂ ਜੋ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉੱਥੇ ਇੱਕ ਨਵੀਂ ਜ਼ਿੰਦਗੀ ਮਿਲੇ ਅਤੇ ਉਨ੍ਹਾਂ ਨੂੰ ਰਹਿਣ ਲਈ ਬਿਹਤਰ ਸਹੂਲਤਾਂ ਵੀ ਮਿਲ ਸਕਣ।

ਇਸ ਲਈ ਜੇਕਰ ਅਸੀਂ ਪੂਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਵਿਸ਼ਵ ਸ਼ਰਨਾਰਥੀ ਦਿਵਸ 20 ਜੂਨ 2025 - ਮਾਨਤਾ ਰਾਹੀਂ ਏਕਤਾ ਵਿਸ਼ਵਵਿਆਪੀ ਬਦਲਦੇ ਸੰਦਰਭ ਵਿੱਚ ਜ਼ਬਰਦਸਤੀ ਸਵਾਰਥੀ ਪ੍ਰਵਾਸ, ਡਰ, ਜ਼ੁਲਮ, ਹਿੰਸਾ ਅਤੇ ਵਾਤਾਵਰਣ ਜਲਵਾਯੂ ਪਰਿਵਰਤਨ ਤੋਂ ਪੀੜਤ ਸ਼ਰਨਾਰਥੀ ਬਨਾਮ ਸ਼ਰਨਾਰਥੀ। ਕੀ ਦੁਨੀਆ ਦੇ ਬਦਲਦੇ ਹਾਲਾਤਾਂ ਲਈ ਅੰਤਰ-ਰਾਸ਼ਟਰੀ ਸ਼ਰਨਾਰਥੀ ਕਨਵੈਨਸ਼ਨ 1951 ਅਤੇ ਇਸਦੇ ਪ੍ਰੋਟੋਕੋਲ 1967 ਵਿੱਚ ਸੋਧ ਦੀ ਲੋੜ ਨਹੀਂ ਹੈ? ਭਾਰਤ ਦਾ ਆਪਰੇਸ਼ਨ ਪੁਸ਼ਬੈਕ ਅਤੇ ਅਮਰੀਕਾ ਦਾ ਟਾਰਗੇਟ @ 3000 ਇਸ ਦੀਆਂ ਸੰਪੂਰਨ ਉਦਾਹਰਣਾਂ ਹਨ।

**ਕੰਪਾਈਲਰ ਲੇਖਕ** - ਕਿਊਰ ਮਾਹਿਰ ਕਾਲਮ ਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏਟੀਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ ਗੋਂਡੀਆ ਮਹਾਰਾਸ਼ਟਰ 9359653465

# ਬਾ-ਮੁਲਾਹਜਾ ਹੋਸ਼ਿਆਰ !

## ਭਾਈ ਗੜਗੱਜ ਦੀ 'ਸੰਤੁਸ਼ਟੀ' ਕਿਤੇ ਬਰਾਸਤਾ 'ਗੁਰਬਚਨ ਸਿੰਘ ਮੁਆਫੀ' ਤੋਂ ਫਖਰੇ-ਕੌਮ ਦੀ ਵਾਪਸੀ ਤੱਕ ਨਾ ਪਹੁੰਚ ਜਾਵੇ !-ਦੁਪਾਲ ਪੁਰ



**ਸੈਨਹੋਜ਼ੇ-** ਲੰਘੇ 22 ਜੂਨ ਦੀਆਂ ਅਖਬਾਰਾਂ ਵਿਚ ਛਪੀ ਖਬਰ ਕਿ ਸੌਦਾ ਸਾਧ ਮੁਆਫੀ-ਨਾਮਾ ਕਾਂਡ ਵਿਚ ਗਿਆਨੀ ਗੁਰਬਚਨ ਸਿੰਘ ਦੇ ਸਾਥੀ ਰਹੇ ਗਿਆਨੀ ਗੁਰਮੁਖ ਸਿੰਘ ਨੂੰ ਮੁੜ ਸ੍ਰੀ ਅਕਾਲ ਤਖਤ ਸਾਹਿਬ ਦਾ ਹੈੱਡ ਗ੍ਰੰਥੀ ਬਹਾਲ ਕਰ ਦਿੱਤਾ ਗਿਆ ਹੈ,ਉੱਤੇ ਟਿੱਪਣੀ ਕਰਦਿਆਂ ਪ੍ਰਵਾਸੀ ਪੰਜਾਬੀ ਲੇਖਕ ਭਾਈ ਤਰਲੋਚਨ ਸਿੰਘ ਦੁਪਾਲ ਪੁਰ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖਾਲਸਾ ਪੰਥ ਨੂੰ ਆਗਾਹ ਕੀਤਾ ਹੈ ਕਿ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਿਹੜੀ ਸੰਤੁਸ਼ਟੀ ਪ੍ਰਗਟਾਉਂਦਿਆਂ, ਤਨਖਾਹੀਏ ਕਰਾਰ ਦਿੱਤੇ ਗਏ ਗਿਆਨੀ ਗੁਰਮੁਖ ਸਿੰਘ ਨੂੰ ਬਹਾਲ ਕੀਤਾ ਹੈ, ਕਿਤੇ ਇਹ 'ਸੰਤੁਸ਼ਟੀ' ਵਧਦੀ ਵਧਦੀ ਗਿਆਨੀ ਗੁਰਬਚਨ ਸਿੰਘ ਨੂੰ ਮੁਆਫ ਕਰਦੀ ਹੋਈ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ ਵਾਪਸ ਲਏ ਗਏ ਫਖਰੇ-ਕੌਮ ਐਵਾਰਡ ਦੀ ਮੁੜ ਵਾਪਸੀ ਤੱਕ ਨਾ ਜਾ ਪਹੁੰਚੇ!

ਆਪਣੇ ਲਿਖਤੀ ਬਿਆਨ ਵਿਚ ਭਾਈ ਦੁਪਾਲ ਪੁਰ ਨੇ ਸਿੱਖ ਸੰਗਤ ਨੂੰ ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਆਦੇਸ਼ਾਂ ਵੱਲ ਧਿਆਨ ਦਿਵਾਉਂਦਿਆਂ ਸਨਿਮਰ ਬੇਨਤੀ ਕੀਤੀ ਹੈ ਕਿ ਉਸ ਇਤਿਹਾਸਕ ਦਿਨ ਪੰਜ ਸਿੰਘ ਸਾਹਿਬਾਨ ਨੇ ਗਿਆਨੀ ਗੁਰਬਚਨ ਸਿੰਘ ਦੇ ਨਾਲ ਹੀ ਭਾਈ ਗੁਰਮੁਖ ਸਿੰਘ ਵਲੋਂ ਆਏ ਲਿਖਤੀ ਸਪਸ਼ਟੀਕਰਨਾਂ ਨੂੰ ਅਸਵੀਕਾਰ ਕਰਦਿਆਂ ਇਨ੍ਹਾਂ ਦੋਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਮੁੜ ਪੇਸ਼ ਹੋਣ ਲਈ ਕਿਹਾ ਗਿਆ ਸੀ।ਪਰ ਸਤਿਕਾਰਤ ਤਖਤਾਂ ਉੱਤੇ ਵਰਤੀ ਬਾਦਲ-ਗਰਦੀ ਤੋਂ ਬਾਅਦ ਦੋ ਦਸੰਬਰ ਵਾਲ਼ੇ ਸਿੰਘ ਸਾਹਿਬਾਨ ਨੂੰ ਬਦਲ ਕੇ ਭਾਈ ਗੜਗੱਜ ਨੂੰ ਕਾਰਜਕਾਰੀ ਜਥੇਦਾਰ ਬਣਾਇਆ ਗਿਆ,ਜਿਨ੍ਹਾਂ ਨੇ ਦੋ ਦਸੰਬਰ ਦੀ ਕਾਰਵਾਈ ਨੂੰ ਅਣਡਿੱਠ ਕਰਕੇ 'ਉਤਲਿਆਂ' ਦੀਆਂ ਇੱਛਾਵਾਂ ਪੂਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਾਪਦੀਆਂ ਹਨ।

ਭਾਈ ਦੁਪਾਲ ਪੁਰ ਨੇ ਬਿਆਨ ਦੇ ਅਖੀਰ ਵਿਚ ਲਿਖਿਆ ਹੈ ਕਿ ਬੇਸ਼ੱਕ ਦੇਸ਼ ਵਿਦੇਸ਼ ਵਿਚ ਵਸਦਾ ਸਿੱਖ ਜਗਤ ਪੰਥਕ ਕੇਂਦਰ ਉੱਤੇ ਵਰਤ ਰਹੇ ਬਾਦਲ-ਸ਼ਾਹੀ ਦੇ ਕਾਰਿਆਂ ਨੂੰ ਬਾਜ਼ ਨਜ਼ਰ ਦੇਖਦਾ ਆ ਰਿਹਾ ਹੈ।

ਫਿਰ ਵੀ ਕੌਮ ਦਰਦੀ ਹੋਣ ਨਾਤੇ ਪੰਥ ਨੂੰ ਆਗਾਹ ਕਰਦਿਆਂ ਸਨਿਮਰ ਅਰਜ ਕਰਦਾ ਹਾਂ ਕਿ ਜਥੇਦਾਰ ਸਾਹਿਬਾਨ ਦੀ ਕਥਿਤ ਅਦਲਾ-ਬਦਲੀ ਦੇ ਰਾਜ ਰੌਲ਼ੇ ਵਿਚ ਭਾਈ ਗੜਗੱਜ ਦੀ 'ਗਰਜ' ਕਿਤੇ ਬਾਦਲੀ-ਮਿਸ਼ਨ ਨੂੰ ਪੂਰਿਆਂ ਨਾ ਕਰ ਦੇਵੇ।ਇਹ ਵੀ ਖਦਸ਼ਾ ਹੈ ਕਿ ਇਹ 'ਸਾਜ਼ਿਸ਼ੀ ਸਿਲਸਿਲਾ' ਚਲਦਾ ਚਲਦਾ ਕਿਤੇ ਪੰਜ ਮੈਂਬਰੀ ਭਰਤੀ ਕਮੇਟੀ ਦਾ ਖਾਤਮਾ ਕਰਾਉਣ ਤੱਕ ਨਾ ਪਹੁੰਚ ਜਾਵੇ!

### ਜਨਮ ਦਿਨ ਤੇ ਵਿਸ਼ੇਸ਼

### ਗੁਰੂ ਹਰਗੋਬਿੰਦ ਸਾਹਿਬ ਜੀ

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਨਵੀਂ ਰੀਤ ਚਲਾਈ।
ਮੀਰੀ ਪੀਰੀ ਪਹਿਣ ਤਲਵਾਰਾਂ ਸਿੱਖੀ ਸ਼ਾਨ ਵਧਾਈ।

ਜਦ ਵੀ ਆਉਣਾ ਸਿੱਖੋ ਚੰਗੇ ਸ਼ਾਸਤਰ ਲੈਕੇ ਆਉਣਾ।
ਜ਼ੁਲਮ ਰੋਕਣ ਲਈ ਪੈਣਾ ਜ਼ਾਲਮ ਤਾਈਂ ਭਜਾਉਣਾ।

ਘੋੜ ਸਵਾਰੀ ਸਿੱਖੋ, ਨਾਲੇ ਸਿੱਖੋ ਹਥਿਆਰ ਚਲਾਉਣੇ।
ਲਵੋ ਟ੍ਰੇਨਿੰਗ ਸਾਰੇ ਸਿੱਖ ਸੂਰਮੇ ਜਾਂਬਾਜ਼ ਬਣਾਉਣੇ।

ਜੰਗਲਾਂ ਦੇ ਵਿੱਚ ਜਾ ਤੁਸੀਂ ਸਿੱਖੋ ਨਿਸ਼ਾਨੇ ਲਾਉਣੇ।
ਕਰਨੇ ਪੈਣੇ ਦੋ ਹੱਥ ਉਂਜ ਜ਼ਾਲਮ ਸੂਤ ਨੀ ਆਉਣੇ।

ਜੰਗਲ ਵਿੱਚ ਸ਼ਿਕਾਰ ਖੇਡਦਿਆਂ ਸ਼ੇਰ ਸਾਹਮਣੇ ਆਇਆ।
ਗੁਰੂ ਸਾਹਿਬ ਨੇ ਉਹਨੂੰ ਪਹਿਲੇ ਹੱਲੇ ਮਾਰ ਮੁਕਾਇਆ।

ਦਰਬਾਰ ਸਾਹਿਬ ਦੇ ਮੂਹਰੇ ਗੁਰੂ ਨੇ ਥੜ੍ਹਾ ਬਣਾਕੇ।
ਮਸਲੇ ਹੱਲ ਲੋਕਾਂ ਦੇ ਕਰਦੇ ਗੁਰੂ ਦਰਬਾਰ ਲਗਾਕੇ।

ਇੰਜ਼ ਗੁਰੂ ਨੇ ਚਾਰ ਜੰਗਾਂ ਜਿੱਤੀਆਂ ਕਰਕੇ ਹੱਥ ਕਰਾਰੇ।
ਬਣੇ ਵੱਡੇ ਨਾਢੂ ਖਾਂ ਦੁਸ਼ਮਣ,ਸਾਰੇ ਗੁਰੂ ਸਾਹਿਬ ਤੋਂ ਹਾਰੇ।

ਨਾ ਕਿਸੇ ਤੋਂ ਡਰਿਆ ਸਤਿਗੁਰ,ਨਾਹੀ ਕਿਸੇ ਡਰਾਇਆ।
'ਮੇਜਰ' ਮਾਰ ਖ਼ਾਕੇ ਮੁੜਿਆ, ਜੋ ਵੀ ਚੜ੍ਹਕੇ ਆਇਆ।

**ਮੇਜਰ ਸਿੰਘ 'ਬੁਢਲਾਡਾ'**
**94176 42327**

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥3॥

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

## 31252 Veasy Street Union City CA 94587



ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਵਲੋਂ **29 ਜੂਨ 2025 ਨੂੰ ਆਪਣਾ ਦੋ ਹਫਤਾਵਾਰੀ ਪ੍ਰੋਗਰਾਮ ਹੋਵੇਗਾ** ਅਤੇ ਇਹ ਪ੍ਰੋਗਰਾਮ ਭਾਈ ਇੰਦਰਜੀਤ ਸਿੰਘ ਖਾਲਸਾ ਹਜ਼ੂਰੀ ਰਾਗੀ ਜੱਥਾ ਦਰਬਾਰ ਸਾਹਿਬ ਨੂੰ ਸਮਰਪਿਤ ਹੋਵੇਗਾ ਜੋ ਪਿਛਲੇ ਮਹੀਨੇ ਅਕਾਲ ਚਲਾਣਾ ਕਰ ਗਏ ਸਨ। ਪ੍ਰੋਗਰਾਮ ਦੀ ਸ਼ੁਰੂਆਤ ਸਵੇਰੇ 10 ਵਜੇ ਸੁਖਮਨੀ ਸਾਹਿਬ ਜੀ ਦੇ ਪਾਂ ਨਾਲ ਹੋਵੇਗੀ। ਭਾਈ ਜਸਵਿੰਦਰ ਸਿੰਘ ਹੈੱਡ ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ ਅਤੇ ਭਾਈ ਬਲਦੇਵ ਸਿੰਘ ਜੀ ਸ਼ਬਦ ਗਾਇਨ ਅਤੇ ਇਤਿਹਾਸ ਸਾਂਝਾ ਕਰਨਗੇ।



ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਾਰ ਬੇਨਤੀ ਹੈ ਕਿ ਆਪ ਸਭ ਪਰਿਵਾਰ ਸਮੇਤ ਹਾਜ਼ਰੀ ਲਗਾਕੇ ਗੁਰੂ ਸਹਿਬਾਨ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਸਭਾ ਆਪ ਜੀ ਦੀ ਅਤਿ ਧੰਨਵਾਦੀ ਹੋਵੇਗੀ। ਹੋਰ ਵਧੇਰੇ ਜਾਣਕਾਰੀ ਲਈ ਚੇਅਰਮੈਨ ਸ਼੍ਰੀ ਵਿਨੋਦ ਕੁਮਾਰ ਚੁੰਬਰ ਨਾਲ 510 953 9800 ਜਾਂ ਪ੍ਰਧਾਨ ਸ਼੍ਰੀ ਤਰਲੋਚਨ ਸਿੰਘ ਬੱਧਣ ਨਾਲ 510 712 1743 ਤੇ ਸੰਪਰਕ ਕਰ ਸਕਦੇ ਹੋ ਜੀ।

**For langar Sewa please contact any of the committee members**



**Chairman**
Vinod Kumar Chumber
510-953-9800



**President**
Tarlochan Singh Badhan
510-712-1743



**General Secretary**
Naresh Kumar Gaddu
510-857-4551



**Treasurer**
Mandeep Rai
415-342-9159

ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।



ਅਸੀਂ ਅਪਣੇ ਅਤੇ ਆਪਣੇ ਪਰਿਵਾਰ ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੇ 40ਵੇਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਲੱਖ ਲੱਖ ਵਧਾਈ ਦਿੰਦੇ ਹਾਂ ਅਤੇ ਗੁਰੂਘਰ ਦੇ ਸਾਰੇ ਫਾਊਂਡਰ ਮੈਂਬਰ ਸਹਿਬਾਨ ਨੂੰ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਉੱਤਰੀ ਅਮਰੀਕਾ ਅੰਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉਪਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 2 ਜੂਨ 1985 ਨੂੰ ਸਥਾਪਨਾ ਕੀਤੀ।






ਗੁਰਨਾਮ ਸਿੰਘ ਰੱਤੂ ਅਤੇ ਉਹਨਾਂ ਦੀ ਸੁਪਤਨੀ ਸੱਤਿਆਵਤੀ ਰੱਤੂ




ਸ੍ਰੀ ਨਰਿੰਦਰ ਚਾਹਲ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਜਸਵੀਰ ਚਾਹਲ

## ਗੁਰਨਾਮ ਸਿੰਘ ਰੱਤੂ
### ਅਤੇ ਸਮੂਹ ਰੱਤੂ ਪਰਿਵਾਰ

## ਨਰਿੰਦਰ ਚਾਹਲ
### ਅਤੇ ਸਮੂਹ ਚਾਹਲ ਪਰਿਵਾਰ

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ॥

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)




**5025 S Cherry Ave Fresno, CA 93706**

ਅਸੀਂ ਅਪਣੇ ਅਤੇ ਆਪਣੇ ਪਰਿਵਾਰ ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੇ 40ਵੇਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਲੱਖ ਲੱਖ ਵਧਾਈ ਦਿੰਦੇ ਹਾਂ ਅਤੇ ਗੁਰੂਘਰ ਦੇ ਸਾਰੇ ਫਾਊਂਡਰ ਮੈਂਬਰ ਸਹਿਬਾਨ ਨੂੰ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਉੱਤਰੀ ਅਮਰੀਕਾ ਅੰਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉਪਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 2 ਜੂਨ 1985 ਨੂੰ ਸਥਾਪਨਾ ਕੀਤੀ।

# ਡਾ. ਨਛੱਤਰ ਪਾਲ

## ਐਮ. ਐਲ. ਏ., ਨਵਾਂ ਸ਼ਹਿਰ

### ਬਹੁਜਨ ਸਮਾਜ ਪਾਰਟੀ, ਇੰਚਾਰਜ ਬਸਪਾ ਪੰਜਾਬ

ਡਾ. ਨਛੱਤਰ ਪਾਲ, ਵਿਧਾਇਕ ਹਲਕਾ ਨਵਾਂ ਸ਼ਹਿਰ, 6 ਜੁਲਾਈ 2025 ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਅਤੇ 13 ਜੁਲਾਈ 2025 ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਹਾਜ਼ਰੀ ਲਗਵਾਉਣਗੇ।



# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ) ਦੇ ਸੇਵਾਦਾਰ


ਬੀਬੀ ਸੁਰਿੰਦਰ ਕੌਰ ਬੰਗੜ (ਚੇਅਰਪਰਸਨ)


ਬੀਬੀ ਬਲਵੀਰ ਕੌਰ ਮੋਮੀ (ਵਾਈਸ ਚੇਅਰਪਰਸਨ)


ਸ੍ਰੀ ਅਮਰ ਦੜੋਚ (ਪ੍ਰਧਾਨ)


ਸ੍ਰੀ ਸ਼ਿਵਚਰਨ (ਸੀਨੀਅਰ ਵਾਈਸ ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੱਮਟ (ਵਾਈਸ ਪ੍ਰਧਾਨ)


ਸ੍ਰੀ ਕਮਲਪ੍ਰੀਤ ਸ਼ੀਂਮਾਰ (ਜਨਰਲ ਸਕੱਤਰ)


ਬੀਬੀ ਸਿਮਰਨ ਹੇਅਰ (ਸਹਾਇਕ ਜਨਰਲ ਸਕੱਤਰ)


ਸ੍ਰੀ ਦਵਿੰਦਰ ਸਿੰਘ ਨਿਗਾਹ (ਖਜਾਨਚੀ)


ਸ੍ਰੀ ਕੁਲਦੀਪ ਸਿੰਘ (ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ (ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ (ਸਹਾਇਕ ਸਟੇਜ ਸਕੱਤਰ)


ਸ੍ਰੀ ਲਖਵਿੰਦਰ ਰਾਮ ਲੱਕੀ (ਮੀਡੀਆ ਪਰਸਨ)


ਸ੍ਰੀ ਰਾਜ ਕੁਮਾਰ ਜੱਸੀ ਐਗਜ਼ੀਕਿਊਟਿਵ ਕਮੇਟੀ ਆਬਜ਼ਰਵਰ


ਭਾਈ ਰਾਮ ਸਿੰਘ ਜੀ ਹੈੱਡ ਗ੍ਰੰਥੀ

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355




## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 40ਵਾਂ ਸਥਾਪਨਾ ਦਿਵਸ 29 ਜੂਨ, 2025 ਨੂੰ ਮਨਾਇਆ ਜਾ ਰਿਹਾ ਹੈ

**27 ਜੂਨ 2025, ਦਿਨ ਸ਼ੁੱਕਰਵਾਰ ਨੂੰ**
ਸਵੇਰੇ 10:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ।

**29 ਜੂਨ 2025, ਦਿਨ ਐਤਵਾਰ**
ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ।

**28 ਜੂਨ, 2025, ਦਿਨ ਸ਼ਨਿਚਰਵਾਰ**
ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਵੇਰੇ 11 ਵਜੇ ਹੋਵੇਗੀ, ਜੋ ਸ. ਬਲਬੀਰ ਸਿੰਘ ਜੀ ਵੱਲੋਂ ਨਿਭਾਈ ਜਾਵੇਗੀ।
ਇਸੇ ਦਿਨ ਸ਼ਾਮੀ 6 ਵਜੇ ਤੋਂ ਰਾਤ 8 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ।

29 ਜੂਨ 2025, ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਸਿਹਤ ਕੈਂਪ ਲਗਾਇਆ ਜਾਵੇਗਾ।

**ਅਸੀਂ ਆਪਣੇ ਸੰਸਥਾਪਕ ਮੈਂਬਰਾਂ ਸਮੇਤ ਸਾਰੀ ਸੰਗਤ ਦੇ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਉਸਾਰੀ ਲਈ ਯੋਗਦਾਨ ਪਾਇਆ।**

* ਇਸ ਮੌਕੇ ਭਾਈ ਕਪੂਰ ਸਿੰਘ ਜੀ (ਖੰਨੇ ਵਾਲਿਆਂ ਦਾ ਜਥਾ), ਗਿਆਨੀ ਬਲਵਿੰਦਰ ਸਿੰਘ ਜੀ ਦੇ ਜਥੇ ਸਮੇਤ ਸੰਗਤ ਨੂੰ ਗੁਰਬਾਣੀ ਸ਼ਬਦ ਕੀਰਤਨ ਨਾਲ ਨਿਹਾਲ ਕਰਨਗੇ।
* ਪਾਠ ਅਤੇ ਲੰਗਰਾਂ ਦੀ ਸੇਵਾ ਗੁਰੂ ਕੀ ਸੰਗਤ ਵੱਲੋਂ ਕੀਤੀ ਜਾਵੇਗੀ।
* ਡਾਕਟਰਾਂ ਅਤੇ ਸਹਾਇਕ ਸਟਾਫ ਦੀ ਟੀਮ ਸਿਹਤ ਸਬੰਧੀ ਕਿਸੇ ਵੀ ਕਿਸਮ ਦੀ ਮਦਦ ਲਈ ਉਪਲਬਧ ਹੋਣਗੀਆਂ।

**ਸਟਾਲ ਜਾਂ ਲੰਗਰ ਦੀ ਸੇਵਾ ਲੈਣ ਦੇ ਚਾਹਵਾਨ ਸੰਪਰਕ ਕਰੋ**
ਵਿਨੋਦ ਕੁਮਾਰ, ਚੇਅਰਮੈਨ (408) 718-2506
ਸੁਨੀਤਾ ਸਿੰਘ (ਪ੍ਰਧਾਨ) (415) 233-3319

## ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

www.sriguruavidasstemple.com

### Sangat Sewadars

| Chairman | President | Gen. Secretary | Treasurer |
|---|---|---|---|
| Vinod Kumar | Sunita Singh Bangar | Upinder Pal (Ricky) | Shinder Pal Narabut |